ਸਾਂਝੀ ਵਿਰਾਸਤ

ਜਿਲਦ 1 ਅੰਕ 12 | 2022 | ਪੋਹ (ਦਸੰਬਰ)



ਸਾਂਝੀ ਵਿਰਾਸਤ (Shared Heritage)

ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ

ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly non-political, not-for-profit (bilingual) on-line magazine of

Panjabi Language, Culture, History and Heritage

www.sanjhivirasat.org

ਤਤਕਰਾ (ਦਸੰਬਰ 2022)

1.	ਸੰਪਾਦਕੀ ਮੰਡਲ	ਸਾਂਝੀ ਵਿਰਾਸਤ	3
2.	ਸੰਪਾਦਕੀ ਨੋਟ	ਮੁਖ ਸੰਪਾਦਕ	4
3.	ਬਾਰਹ ਮਾਹਾ ਮਾਂਝ ਮਹਲਾ 5 – ਕਾਵਿਕ ਵਿਆਖਿਆ	ਕਰਮਜੀਤ ਸਿੰਘ ਨੂਰ	5
4.	ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ – ਵਿਆਖਿਆ	ਮਨਿੰਦਰ ਸਿੰਘ	7
5.	ਦਸੰਬਰ ਦਾ ਮਹੀਨਾ	ਰੂਬੀਨਾ ਸਿੰਘ	8
6.	ਗੁਰ ਪੁਰਬਾਂ ਨੂੰ ਸਮਰਪਿਤ ਗੀਤ	ਗੁਰਦੀਸ਼ ਕੌਰ ਗਰੇਵਾਲ	9
7.	ਗੁਰਦਵਾਰਾ, ਗੁਰਮਤਿ ਦੀ ਧਰਮਸ਼ਾਲਾ: ਭਾਗ – 5	ਕਾਬਲ ਸਿੰਘ, ਬਲਦੇਵ ਸਿੰਘ	11
8.	ਆਓ ਪੰਜਾਬੀ ਬੋਲੀਏ	ਅਨੁਰੀਤ ਕੌਰ	13
9.	ਪੰਜਾਬੀ ਸ਼ਬਦਾਂ ਦੀ ਜਾਣਕਾਰੀ	ਸਕੂਲ ਸਿਖਿਆ ਵਿਭਾਗ	14
10.	ਗੁਰਬਾਣੀ ਮੁਤਾਬਿਕ ਸਵਾਲ-ਜਵਾਬ (2)	ਤਰਲੋਕ ਸਿੰਘ ਸਹੋਤਾ	15
11.	ਗੁਰੂ ਗੋਬਿੰਦ ਸਿੰਘ ਜੀ	ਸਰਬਜੀਤ ਕੌਰ ਸਰਬ	17
12.	ਇਕ ਵਿਲੱਖਣ ਸੰਤ, ਕਵੀ ਅਤੇ ਯੋਧਾ	ਰਾਜਾ ਬਲਰਾਜ ਸਿੰਘ	18
13.	ਸਾਨੂੰ ਇੰਨ੍ਹਾਂ ਤੇ ਮਾਣ ਹੈ	(ਸਾਂਝੀ ਵਿਰਾਸਤ)	19
14.	ਮੈਂ ਜਾਈ ਪੰਜਾਬ ਦੀ	ਨਿਰਮਲਜੀਤ ਸਿੰਘ	24
15.	ਫਸਲਾਂ ਤੇ ਨਸਲਾਂ ਮਿਹਨਤ ਮੰਗਦੀਆਂ ਨੇ	ਰਾਜਵਿੰਦਰ ਕੌਰ ਵੜਿੰਗ	25
16.	ਮੇਰੀ ਇਸਰਾਇਲ ਯਾਤਰਾ	ਤਜਿੰਦਰ ਸਿੰਘ ਰੰਧਾਵਾ	26
17.	ਗੁਰਪੁਰਬ ਨੂੰ ਸਮਰਪਿਤ ਕਵੀ ਦਰਬਾਰ	ਈ-ਦੀਵਾਨ ਕੈਲਗਰੀ	28
18.	ਕਵੀ ਦਰਬਾਰ ਦਾ ਪ੍ਰੈਸ-ਨੋਟ		29
19.	ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ	–	30
20.	ਲੇਖਕਾਂ ਲਈ ਜ਼ਰੂਰੀ ਜਾਣਕਾਰੀ	–	32
21.	ਸਾਡੇ ਐਡੀਟਰ ਅਤੇ ਸਲਾਹਕਾਰ	–	33

ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board

1. ਡਾ. ਰਾਜਾ ਬਲਰਾਜ ਸਿੰਘ	ਕੈਲਗਰੀ (ਕੈਨੇਡਾ)
2. ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ	ਕੈਲਗਰੀ (ਕੈਨੇਡਾ)
3. ਪ੍ਰੋਫ਼ੈਸਰ ਮਨਿੰਦਰ ਸਿੰਘ	ਐਡਮਿੰਟਨ (ਕੈਨੇਡਾ)
4. ਡਾ. ਕਾਬਲ ਸਿੰਘ	ਐਡਮਿੰਟਨ (ਕੈਨੇਡਾ)
5. ਡਾ. ਬਲਦੇਵ ਸਿੰਘ	ਐਡਮਿੰਟਨ (ਕੈਨੇਡਾ)
6. ਸਰਦਾਰ ਜਗਬੀਰ ਸਿੰਘ ਕੋਹਲੀ	ਕੈਲਗਰੀ (ਕੈਨੇਡਾ)
7. ਸਰਦਾਰ ਪਰਮਜੀਤ ਸਿੰਘ	ਟੋਰੋਂਟੋ (ਕੈਨੇਡਾ)
8. ਪ੍ਰਿੰਸੀਪਲ ਮਨਮੋਹਨ ਕੌਰ	ਕੈਲਗਰੀ (ਕੈਨੇਡਾ)
9. ਡਾ. ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ)	ਕੈਲਗਰੀ (ਕੈਨੇਡਾ)
10. ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ)	ਕੈਲਗਰੀ (ਕੈਨੇਡਾ)

ਸਲਾਹਕਾਰ:

1. ਡਾ. ਕਾਲਾ ਸਿੰਘ	ਵੈਨਕੂਵਰ (ਕੈਨੇਡਾ)
2. ਡਾ. ਦਵਿੰਦਰ ਸਿੰਘ ਸੇਖੋਂ	ਵਿੰਡਸਰ (ਕੈਨੇਡਾ)
3. ਡਾ. ਦਵਿੰਦਰ ਪਾਲ ਸਿੰਘ	ਮਿਸੀਸਾਗਾ (ਕੈਨੇਡਾ)
4. ਡਾ. ਜਗਜੀਤ ਸਿੰਘ	ਵੈਨਕੂਵਰ (ਕੈਨੇਡਾ)
5. ਸ਼੍ਰੀ ਰਿਸ਼ੀ ਨਾਗਰ	ਕੈਲਗਰੀ (ਕੈਨੇਡਾ)
6. ਸਰਦਾਰ ਯੁਵਰਾਜ ਸਿੰਘ	ਕੈਲਗਰੀ (ਕੈਨੇਡਾ)

ਸੰਪਾਦਕੀ ਨੋਟ

ਦਸੰਬਰ ਦੇ ਮਹੀਨੇ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਧਰਮ ਲਈ ਬੇਮਿਸਾਲ ਸ਼ਹੀਦੀਆਂ, ਮਾਤਾ ਗੁਜਰ ਕੌਰ (ਮਾਤਾ ਗੁਜਰੀ) ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਲੱਖਣ ਜੀਵਨ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਦੁਨੀਆਂ ਭਰ ਵਿਚ ਯਾਦ ਕੀਤਾ ਜਾਂਦਾ ਹੈ। ਦਸੰਬਰ ਮਹੀਨੇ ਵਿਚ ਹੀ ਈਸਾਈ ਲੋਕ ਕ੍ਰਿਸਮਸ ਦਾ ਦਿਨ ਮਨਾਉਂਦੇ ਹਨ ਜਿਸ ਦਿਨ ਈਸਾ ਮਸੀਹ ਦਾ ਜਨਮ ਹੋਇਆ ਸੀ।

ਦਸੰਬਰ ਦੇ ਇਸ ਅੰਕ ਨਾਲ "ਸਾਂਝੀ ਵਿਰਾਸਤ" ਮੈਗਜ਼ੀਨ ਨੂੰ ਛਪਦਿਆਂ ਇਕ ਸਾਲ ਪੂਰਾ ਹੋ ਗਿਆ ਹੈ। ਇਸ ਲਈ ਪਾਠਕਾਂ, ਲੇਖਕਾਂ, ਸਲਾਹਕਾਰਾਂ ਅਤੇ ਸੰਪਾਦਕੀ ਬੋਰਡ ਮੈਂਬਰਾਂ ਦੇ ਸਹਿਯੋਗ ਲਈ ਬਹੁਤ ਧੰਨਵਾਦ ਹੈ। ਤਕਨੀਕੀ ਸੰਪਾਦਕ ਡਾ. ਰਾਜਬੀਰ ਸਿੰਘ ਭੱਟੀ ਦੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਜਾਣਾ ਬਣਦਾ ਹੈ। ਇਸ ਮਹੀਨੇ ਤੋਂ ਪੰਜਾਬੀ ਭਾਸ਼ਾ ਨੂੰ ਪਰਫੁਲਿਤ ਕਰਨ ਲਈ ਕੁਝ ਪੰਜਾਬੀ ਸ਼ਬਦਾਂ ਦੇ ਅਰਥ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ ਜਾ ਰਿਹਾ ਹੈ। ਹਮੇਸ਼ਾਂ ਦੀ ਤਰ੍ਹਾਂ ਕੁਝ ਸਿਰਕੱਢ ਸ਼ਖਸੀਅਤਾਂ ਦੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜ਼ਿਕਰ ਉਨ੍ਹਾਂ ਪੰਜਾਬੀਆਂ ਦਾ ਵੀ ਕੀਤਾ ਗਿਆ ਹੈ ਜਿਨ੍ਹਾਂ ਦੀਆਂ ਵੱਖੋ ਵੱਖ ਖੇਤਰਾਂ ਵਿਚ ਪ੍ਰਾਪਤੀਆਂ ਤੇ ਸਾਨੂੰ ਮਾਣ ਹੈ। ਇਸ ਤੋਂ ਇਲਾਵਾ, ਨਿਜੀ ਅਤੇ ਸਮਾਜਿਕ ਜੀਵਨ ਵਿਚ ਉਚੇ ਆਦਰਸ਼ਾਂ ਲਈ ਗੁਰਬਾਣੀ ਤੋਂ ਸੇਧਾਂ ਪ੍ਰਾਪਤ ਕਰਨ ਬਾਰੇ ਕੁਝ ਵਿਦਵਾਨਾਂ ਦੇ ਲੇਖ ਵੀ ਸ਼ਾਮਲ ਕੀਤੇ ਗਏ ਹਨ।

ਅਗਲੇ ਅੰਕਾਂ ਲਈ ਜੋ ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ, ਵਿਰਾਸਤ ਜਾਂ ਸਮਾਜਿਕ ਭਲਾਈ ਬਾਰੇ ਕੋਈ "**ਮੌਲਿਕ**" ਰਚਨਾ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ ਹਰ ਮਹੀਨੇ ਦੀ 10 ਤਾਰੀਖ ਤਕ ਭੇਜਣ ਦੀ ਕ੍ਰਿਪਾਲਤਾ ਕਰਨ। ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਲੇਖ ਨਹੀਂ ਛਾਪੇ ਜਾਣਗੇ। ਸਾਡਾ ਸੰਪਾਦਕੀ ਬੋਰਡ ਕਿਸੇ ਰਾਜਨੀਤਿਕ ਜਾਂ ਵਿਵਾਦ-ਗ੍ਰਸਤ ਵਿਅਕਤੀ ਬਾਰੇ ਟਿੱਪਣੀ ਜਾਂ ਕੋਈ ਲਿਖਤ ਪਰਵਾਨ ਨਹੀਂ ਕਰਦਾ ਹੈ। ਲਿਖਤਾਂ ਸਿਰਫ ਵੈਬਸਾਈਟ ਤੇ ਦਿੱਤੇ ਗਏ ਵਿਸ਼ਿਆਂ ਤੇ ਹੀ ਹੋਣ। ਇਕਸਾਰਤਾ ਲਈ '**ਜ਼ਰੂਰੀ ਜਾਣਕਾਰੀ**' ਹਰ ਅੰਕ ਦੇ ਅੰਤਲੇ ਪੰਨੇ ਤੇ ਦਿੱਤੀ ਗਈ ਹੈ ਅਤੇ ਸਾਡੇ ਵੈਬਸਾਈਟ (*sanjhivirasat.org*) ਤੋਂ ਵੀ ਮਿਲ ਸਕਦੀ ਹੈ। ਅਨਮੋਲ ਲਿਪੀ ਵਿਚ ਲਿਖਤਾਂ ਪਹਿਲੇ ਛਪਣਗੀਆਂ।

ਰਚਨਾਵਾਂ ਦੋ (2) ਪਨਿੰਆਂ ਤਕ ਦੀਆਂ ਹੀ ਹੋਣ। ਇਸ ਤੋਂ ਲੰਬੇ ਪ੍ਰਵਾਨਿਤ ਲੇਖ (ਇਸ ਵੈਬਸਾਈਟ ਦੇ) 'ਬਲਾਗ' ਉਤੇ ਪਾਏ ਜਾਂਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾਂਦੇ ਹਨ। ਲੇਖਕ (ਜੇ ਉਹ ਚਾਹੁਣ ਤਾਂ) ਆਪਣੀ ਫੋਟੋ ਵੀ ਭੇਜ ਸਕਦੇ ਹਨ। ਆਪਣਾ ਈ-ਮੇਲ ਪਤਾ, ਵੱਟਸਐਪ ਜਾਂ ਫੋਨ ਨੰਬਰ, ਸ਼ਹਿਰ ਦਾ ਨਾਂ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਭੇਜਣੀ ਜ਼ਰੂਰੀ ਹੈ ਜੀ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ।

ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)
ਮੁੱਖ ਸੰਪਾਦਕ (surjitsingh.bhatti@gmail.com)

ਬਾਰਹ ਮਾਹਾ ਮਾਂਝ ਮਹਲਾ 5 ਘਰ 4 ਵਿੱਚੋਂ

ਪੋਹ ਮਹੀਨੇ ਦਾ ਪਾਠ

ੴ ਸਤਿਗੁਰ ਪ੍ਰਸਾਦਿ ॥

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥

ਭਾਵ ਅਰਥ::-

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਜਲੰਧਰ (ਭਾਰਤ), 9815023970

ਬਾਰਾਮਾਹ ਦੇ ਸਿਰਲੇਖ ਹੇਠ ਪੋਹ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਪੋਹ ਦੇ ਇਸ ਠੰਢੇ ਠਾਰ ਅਤੇ ਕੱਕਰ-ਪਾਲੇ ਦੇ ਮਹੀਨੇ ਵਿਚ ਜਿਸ ਤਰ੍ਹਾਂ ਇੱਕ ਦੁਨਿਆਵੀ ਇਸਤ੍ਰੀ ਆਪਣੇ ਪਤੀ ਦੇ ਸੀਨੇ ਨਾਲ ਲਗ ਕੇ ਨਿੱਘ ਮਹਿਸੂਸ ਕਰਦੀ ਹੈ, ਇਸੇ ਤਰਾਂ ਇੱਕ ਜੀਵ-ਇਸਤ੍ਰੀ ਜੋ ਪਰਮਾਤਮਾ ਦੇ ਨਾਮ ਨਾਲ ਜੁੜੀ ਰਹਿੰਦੀ ਹੈ ਉਸ ਨੂੰ ਇਸ ਪੋਹ ਦੇ ਮਹੀਨੇ ਦੀ ਠੰਡ ਮਹਿਸੂਸ ਨਹੀਂ ਹੁੰਦੀ। ਉਹ ਉਸ ਨੂੰ ਆਪਣੇ ਨਾਲੋਂ ਕਦੇ ਵਿੱਛੋੜਦਾ ਨਹੀਂ ਅਤੇ ਸਾਰੇ ਸੁੱਖ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਉਸ ਨੂੰ ਪੋਹ ਦੀ ਠੰਡੀ ਰੁੱਤ ਵੀ ਸੁਹਾਵਣੀ ਲੱਗਦੀ ਹੈ।

ਪੋਹ ਮਹੀਨੇ ਦੇ ਪਾਠ ਦੀ
ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਜਲੰਧਰ (ਭਾਰਤ), 9815023970



ਕਿਸੇ ਜੀਵ ਇਸਤ੍ਰੀ ਨੂੰ , ਠੰਡ ਪੋਹ ਦੀ, ਪੋਹ ਨਹੀਂ ਸਕਦੀ,
ਪਤੀ ਪਰਮਾਤਮਾ ਨੇ ਜਿਸ ਨੂੰ ਗਲ ਦੇ ਨਾਲ ਲਾਇਆ ਹੈ |
ਜੀਹਦਾ ਹਿਰਦਾ ਹਮੇਸ਼ਾ ਉਸ ਦੇ ਚਰਨਾਂ ਨਾਲ ਜੁੜਿਆ ਹੈ,
ਜਿਹਨੇ ਹਰ ਸਾਹ ਉਸਦੀ ਯਾਦ ਦੇ ਅੰਦਰ ਬਿਤਾਇਆ ਹੈ|
ਹੈ ਤੱਕਿਆ ਆਸਰਾ ਗੋਬਿੰਦ ਤੇ ਗੁਪਾਲ ਦਾ ਜਿਸ ਨੇ,
ਪ੍ਰਭੂ ਮਾਲਕ ਦੀ ਸੇਵਾ ਕਰਕੇ ਉਸ ਨੇ ਲਾਭ ਹੈ ਪਾਇਆ |
ਓਸ ਜੀਵ-ਇਸਤ੍ਰੀ ਨੂੰ ਕਦੇ ਮਾਇਆ ਪੋਹ ਨਹੀਂ ਸਕਦੀ,
ਗੁਰੂ ਦੇ ਨਾਲ ਮਿਲ ਕੇ ਜਿਸ, ਪ੍ਰਭੂ ਦੇ ਗੁਣਾਂ ਨੂੰ ਗਾਇਆ|
ਹੈ ਜਿਸ ਤੋਂ ਹੋਈ ਪੈਦਾ ਨਾਲ ਉਸ ਦੇ ਜੁੜੀ ਹੈ ਰਹਿੰਦੀ,
ਤੇ ਸੱਚੇ ਪ੍ਰੇਮ ਵਿਚ ਉਸ ਦੇ ਸਦਾ ਰਹਿੰਦੀ ਸਮਾਈ ਹੈ|
ਓਸ ਦਾ ਹੱਥ ਫੜ੍ਹ ਕੇ ਪ੍ਰਭੂ ਆਪਣੇ ਨਾਲ ਲਾ ਲੈਂਦੈ,
ਉਹਦੇ ਚਰਨਾਂ ਤੋਂ ਫਿਰ ਉਹ ਕਦੇ ਵੀ ਵਿਛੜ ਨਾ ਪਾਈ ਹੈ|
ਜੋ ਗਹਿਰਾ ਹੈ ਬੜਾ ਤੇ ਪਹੁੰਚ ਸਾਡੀ ਤੋਂ ਪਰੇ ਵੀ ਹੈ,
'ਜਿਹੇ ਸੱਜਣ ਤੋਂ ਲੱਖ ਵਾਰੀ ਅਸੀਂ ਕੁਰਬਾਨ ਜਾਂਦੇ ਹਾਂ|
ਪ੍ਰਭੂ ਨੂੰ ਲਾਜ ਦਰ ਤੇ ਪਏ ਦੀ ਰੱਖਣੀ ਹੀ ਪੈਂਦੀ ਹੈ|
ਹੇ ਨਾਨਕ; ਜਦੋਂ ਉਸ ਦੇ ਦਰ ਤੇ ਆਪਣਾ ਸਿਰ ਝੁਕਾਂਦੇ ਹਾਂ|
ਮਹੀਨਾ ਪੋਹ ਦਾ ਉਸ ਨੂੰ ਸੁਹਾਨਾ ਸਦਾ ਲੱਗਦਾ ਹੈ|
ਉਹ ਬੇਪਰਵਾਹ, ਬਾਰਿਸ਼ ਜੇਸ ਤੇ ਸੁਖਾਂ ਦੀ ਕਰ ਦੇਂਦਾ
ਤੇ ਬਖਸ਼ਿਸ਼ ਨਾਲ ਭਰ ਦੇਂਦਾ|

ਤੁਖਾਰੀ ਛੰਤ ਮਹਲਾ 1 ਬਾਰਹਮਾਹਾ ਵਿਚੋਂ

ਪੋਹ ਮਹੀਨੇ ਦਾ ਪਾਠ

ੴ ਸਤਿਗੁਰ ਪ੍ਰਸਾਦਿ

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥

ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥

ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥

ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥

ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥

ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥14॥

ਵਿਆਖਿਆ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਾਮਕਲੀ ਰਾਗ ਦੀ ਰੁਤੀ ਬਾਣੀ ਅਨੁਸਾਰ ਮੱਘਰ ਤੇ ਪੋਹ ਦੇ ਮਹੀਨੇ ਸਿਸੀਅਰ (ਸੀਤ ਜਾਂ ਠੰਡੀ) ਰੁਤਿ ਵਿਚ ਆਉਂਦੇ ਹਨ । ਪੋਹ ਦੇ ਮਹੀਨੇ ਵਿਚ ਅਤਿ ਦੀ ਸਰਦੀ ਤੇ ਬਰਫ਼ ਪੈਂਦੀ ਹੈ ਜਿਸ ਨਾਲ ਬਨਸਪਤੀ ਦੇ ਬ੍ਰਿਛ ਬੂਟਿਆਂ ਦੇ ਪਤਿੱਆਂ, ਟਹਿਣੀਆ ਤੇ ਘਾਹ ਦਾ ਰਸ ਸੁਕ ਜਾਂਦਾ ਹੈ । ਉਹ ਮੁਰਝਾ ਜਾਂਦੇ ਹਨ ।ਇਸੇ ਤਰ੍ਹਾਂ ਜਦੋਂ ਵਾਹਿਗੁਰੂ ਦਾ ਸਿਮਰਨ ਭੁਲ ਜਾਵੈ ਤਾਂ ਮਨੁੱਖ ਦਾ ਜੀਵਨ ਵੀ ਬੇਰਸ ਹੋ ਜਾਂਦਾ ਹੈ । ਉਸਦੇ ਵਤੀਰੇ ਵਿਚ ਵੀ ਕਠੋਰਤਾ ਦੀ ਠੰਡ ਵਿਆਪ ਜਾਂਦੀ ਹੈ । ਉਸਦੇ ਮਨ ਤੇ ਤਨ ਵਿਚ ਪ੍ਰਮੇਸ਼ਰ ਦੀ ਯਾਦ ਦਾ ਨਿੱਘ ਨਹੀ ਰਹਿੰਦਾ ਤੇ ਰੁੱਖੇਪਨ ਦਾ ਪਾਲਾ ਆ ਜਾਂਦਾ ਹੈ । ਪਰ ਜਦੋਂ ਵੀ ਮਨੁੱਖ ਗੁਰੂ ਦੇ ਉਪਦੇਸ਼ ਗੁਰਬਾਣੀ ਦਾ ਰਸ ਮਾਣਨ ਲਗ ਜਾਂਦਾ ਹੈ ਤਾਂ ਉਸਦੇ ਵਤੀਰੇ ਵਿਚ ਨਿੱਘਾਪਨ ਆ ਜਾਂਦਾ ਹੈ । ਫ਼ਿਰ ਉਸਨੂੰ, ਅੰਡਿਆਂ ਤੋਂ, ਮਾਂ ਦੇ ਗਰਭ ਤੋਂ, ਸੀਲਨ ਅਤੇ ਧਰਤੀ ਵਿਚੋਂ ਉੱਗਣ ਵਾਲੇ ਚਾਰੇ ਖਾਣੀਆ ਦੇ ਜੀਵਾਂ ਵਿਚ ਰੱਬ ਦੀ ਜੋਤਿ ਦਿਸਣ ਲਗ ਪੈਂਦੀ ਹੈ । ਉਹ ਕਰਤੇ ਦੇ ਪੈਦਾ ਕੀਤੇ ਇਸ ਜੀਵ ਜਗਤ ਨਾਲ ਸਨੇਹ ਕਰਨ ਲਗ ਜਾਂਦਾ ਹੈ । ਗੁਰੂ ਜੀ ਸਾਨੂੰ ਸੰਸਾਰ ਦੀ ਨਿਸ਼ਠੁਰਤਾ ਤੋਂ ਬਚਣ ਲਈ ਦਇਆ ਤੇ ਦਾਤੇ ਵਾਹਿਗੁਰੂ ਪਾਸ ਬੇਨਤੀ ਕਰਨ ਦੀ ਪਰੇਰਨਾ ਕਰਦੇ ਹਨ ਜਿਸ ਨਾਲ ਜੀਵਨ ਵਿਚ ਪ੍ਰਭੂ ਦੇ ਪ੍ਰੇਮ ਦਾ ਰਸ ਸੰਚਿਤ ਹੋਵੇਗਾ ਤੇ ਜੀਵਨ ਦੀ ਉਚੀ ਅਵੱਸਥਾ ਦੀ ਪ੍ਰਾਪਤੀ ਹੋਵੇਗੀ ।

ਪ੍ਰੋਫ਼ੈਸਰ ਮਨਿੰਦਰ ਸਿੰਘ

ਐਡਮਿੰਟਨ (ਕੈਨੇਡਾ)



ਦਸੰਬਰ ਦਾ ਮਹੀਨਾ

ਰੂਬੀਨਾ ਸਿੰਘ, ਕੈਲਗਰੀ ਯੂਨੀਵਰਿਸਟੀ (ਕੈਨੇਡਾ)

ਦਸੰਬਰ ਦਾ ਨਾਮ ਲਾਤੀਨੀ ਸ਼ਬਦ *Decem* (ਦਸ) ਤੋਂ ਆਇਆ ਹੈ ਕਿਉਂਕਿ ਇਹ ਰੋਮ ਦੇ ਪੁਰਾਣੇ ਕੈਲੰਡਰ ਵਿੱਚ ਸਾਲ ਦਾ ਦਸਵਾਂ ਮਹੀਨਾ ਸੀ। ਕੈਲੇਡਰ ਦੀ ਸੋਧ ਤੋਂ ਬਾਅਦ, ਜਨਵਰੀ ਅਤੇ ਫਰਵਰੀ ਨੂੰ ਸਾਲ ਦੇ ਸ਼ੁਰੂ ਵਿਚ ਜੋੜਿਆ ਗਿਆ ਸੀ, ਜਿਸ ਨਾਲ ਦਸੰਬਰ ਸਾਲ ਦਾ 12-ਵਾਂ ਮਹੀਨਾ ਹੋ ਗਿਆ। ਇਸ ਮਹੀਨੇ ਦਾ ਇੱਕ ਮਹੱਤਵਪੂਰਨ ਦਿਨ ਕ੍ਰਿਸਮਸ (**Christmas**) ਹੈ, ਜੋ 25 ਦਸੰਬਰ ਨੂੰ ਪ੍ਰਭੂ ਯਿਸੂ ਮਸੀਹ ਜੀ ਦੇ ਜਨਮ ਦੀ ਸਾਲਾਨਾ ਯਾਦਗਾਰ ਹੈ।

ਪੋਹ – ਨਾਨਕਸ਼ਾਹੀ ਸਾਲ ਦਾ 10-ਵਾਂ ਮਹੀਨਾ ਹੈ। ਇਹ ਮਹੀਨਾ 14 ਦਸੰਬਰ ਨੂੰ ਸ਼ੁਰੂ ਹੁੰਦਾ ਹੈ। ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸੂਰਬੀਰ ਸਾਹਿਬਜ਼ਾਦਿਆਂ ਨੇ ਸਿੱਖੀ ਧਰਮ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਵੱਡੇ ਸਪੁੱਤਰ, ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਵਿੱਚ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋਏ। ਛੋਟੇ ਸਪੁੱਤਰਾਂ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਨੂੰ ਇਸਲਾਮ ਨਾ ਕਬੂਲਣ ਕਰ ਕੇ ਫਤਿਹਗੜ੍ਹ ਸਾਹਿਬ ਵਿਖੇ ਜੀਂਦਿਆਂ ਦੀਵਾਰ ਵਿਚ ਚਿਨਵਾ ਦਿੱਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਤੇ ਜੋਤੀ-ਜੋਤ ਦਿਵਸ ਵੀ ਇਸ ਮਹੀਨੇ ਵਿੱਚ ਆਉਂਦੇ ਹਨ। ਦਸੰਬਰ ਵਿਚ ਕੁਝ ਹੋਰ ਮਹੱਤਵਪੂਰਨ ਦਿਨ ਇਹ ਹਨ।

1 ਦਸੰਬਰ – **HIV** ਦੀ ਲਾਗ ਤੋਂ ਹੋਣ ਵਾਲੇ **AIDS** ਰੋਗ ਨਾਲ ਲੜਨ ਲਈ 'ਵਿਸ਼ਵ ਏਡਜ਼ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਏਡਜ਼ 'ਤੇ 24-ਵੀਂ ਅੰਤਰਰਾਸ਼ਟਰੀ ਕਾਨਫਰੰਸ ਜੁਲਾਈ 2022 ਵਿੱਚ ਮਾਂਟਰੀਅਲ, ਕੈਨੇਡਾ ਵਿੱਚ ਹੋਈ ਸੀ।

2 ਦਸੰਬਰ – ਗੁਲਾਮੀ ਅਤੇ ਨਸਲਵਾਦ ਦੀ ਕਾਨੂੰਨੀ ਮਨਾਹੀ ਅਤੇ ਗੁਲਾਮੀ ਖਤਮ ਕਰਨ ਲਈ ਇਹ ਦਿਵਸ ਮਨਾਇਆ ਜਾਂਦਾ ਹੈ।

3 ਦਸੰਬਰ – ਅਪਾਹਜ ਲੋਕਾਂ ਦਾ ਅੰਤਰਰਾਸ਼ਟਰੀ ਦਿਵਸ ਹੈ ਜਿਸ ਦਾ ਉਦੇਸ਼ ਉਨ੍ਹਾਂ ਨੂੰ ਮਜ਼ਬੂਤ ਬਣਾਉਣਾ ਹੈ।

3 ਦਸੰਬਰ – ਵਾਤਾਵਰਨ ਦੀ ਸੰਭਾਲ, ਜੰਗਲ ਬਚਾਣ ਤੇ ਵਿਸ਼ਵ ਨੂੰ ਇਕ ਤੰਦਰੁਸਤ ਵਾਤਾਵਰਣ ਦੇਣ ਲਈ ਮਨਾਇਆ ਜਾਂਦਾ ਹੈ।

5 ਦਸੰਬਰ – **World Soil Day** ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਾਸਤੇ ਖੋਜ ਲਈ ਜ਼ੋਰ ਦੇਣ ਲਈ ਹੈ।

9 ਦਸੰਬਰ – ਭ੍ਰਿਸ਼ਟਾਚਾਰ ਵਿਰੁੱਧ ਦਿਵਸ ਇਸ ਬੁਰਾਈ ਨੂੰ ਖਤਮ ਕਰਨ ਲਈ ਨੀਯਤ ਕੀਤਾ ਗਆ ਹੈ।

10 ਦਸੰਬਰ – 'ਮਨੁੱਖੀ ਅਧਿਕਾਰ ਦਿਵਸ' ਵਜੋਂ ਬੁਨਿਆਦੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਤੇ ਅਸਮਾਨਤਾਵਾਂ ਨੂੰ ਦੂਰ ਕਰਨ ਲਈ ਹੈ। ਸਨ 1675 ਵਿੱਚ, ਗੁਰੂ ਤੇਗ ਬਹਾਦਰ ਜੀ ਮਨੁੱਖੀ ਅਧਿਕਾਰਾਂ ਲਈ ਸੰਸਾਰ ਦੇ ਪਹਿਲੇ ਸ਼ਹੀਦ ਹੋਏ ਸੀ।

10 ਦਸੰਬਰ – ਨੋਬੈਲ ਪੁਰਸਕਾਰ ਦਿਵਸ ਹੈ। ਅਲਫ੍ਰੇਡ ਨੋਬੈਲ ਵਲੋਂ, ਸਾਹਿਤਕ ਅਤੇ ਵਿਗਿਆਨਕ ਤਰੱਕੀ ਲਈ ਸ਼ਾਨਦਾਰ ਇਨਾਮ ਸਥਾਪਤ ਕੀਤੇ ਗਏ ਸਨ ਜੋ 1901 ਤੋਂ ਦਿੱਤੇ ਜਾ ਰਹੇ ਹਨ। ਸ਼ਾਂਤੀ ਪੁਰਸਕਾਰ ਓਸਲੋ, ਨਾਰਵੇ ਵਿੱਚ ਦਿੱਤਾ ਜਾਂਦਾ ਹੈ। ਬਾਕੀ ਇਨਾਮ ਸਟਾਕਹੋਮ, ਸਵੀਡਨ ਵਿੱਚ ਦਿੱਤੇ ਜਾਂਦੇ ਹਨ। ਇਸ ਵਿਚ ਸੋਨੇ ਦਾ ਤਗਮਾ, ਡਿਪਲੋਮਾ ਤੇ ਇੱਕ ਰਕਮ ਸ਼ਾਮਲ ਹਨ। ਇਨਾਮ ਮਰਨ ਉਪਰੰਤ ਨਹੀਂ ਦਿੱਤੇ ਜਾਂਦੇ।

14 ਦਸੰਬਰ – 'ਊਰਜਾ ਦਿਵਸ', ਵਿਸ਼ਵ ਵਿਚ ਨਵਿਆਉਣਯੋਗ ਊਰਜਾ (**Renewable Energy**) ਦੇ ਵਧੇਰੇ ਪ੍ਰਯੋਗ ਨੂੰ ਉਤਸ਼ਾਹ ਦੇਣ ਲਈ ਹੈ।

18 ਦਸੰਬਰ – 'ਅੰਤਰਰਾਸ਼ਟਰੀ ਪ੍ਰਵਾਸੀ ਦਿਵਸ', ਪ੍ਰਵਾਸੀਆਂ ਦੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਮਨਾਇਆ ਜਾਂਦਾ ਹੈ।

29 ਦਸੰਬਰ – ਸੰਯੁਕਤ ਰਾਸ਼ਟਰ ਦੁਆਰਾ ਵਿਭਿੰਨ ਜੀਵਾਂ ਦੇ ਮਨੁੱਖ ਵਲੋਂ ਕੀਤੇ ਜਾ ਰਹੇ ਵਿਨਾਸ਼ ਨੂੰ ਰੋਕਣ ਲਈ 'ਜੈਵ-ਵਿਭਿੰਨਤਾ ਦਿਵਸ' (**Bio-diversity Day**) ਦੇ ਰੂਪ ਵਿਚ ਮਨਾਇਆ ਜਾਂਦਾ ਹੈ।

ਸ਼ਹੀਦੀ ਦਿਹਾੜੇ ਤੇ ਵਿਸ਼ੇਸ਼–

ਧੰਨ ਮਾਤਾ ਗੁਜਰੀ...!

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
ਸੰਪਰਕ +1 403-404-1450



ਧੰਨ ਮਾਤਾ ਗੁਜਰੀ ਤੇ ਧੰਨ ਤੇਰੀ ਘਾਲ਼ ਨੀ।
ਤੇਰੇ ਜਿਹੀ ਜੱਗ ਉਤੇ ਮਿਲੇ ਨਾ ਮਿਸਾਲ ਨੀ।
ਆਪਣਾ ਸੁਹਾਗ ਹੱਥੀਂ ਆਪਣੀ ਲੁਟਾਇਆ ਤੂੰ,
ਘਰ ਬਾਰ ਛੱਡ ਕੇ ਵੀ, ਦਿਲ ਨਾ ਡੁਲਾਇਆ ਤੂੰ।
ਬੁਝਣ ਨਾ ਦਿੱਤੀ ਸਿੱਖੀ ਵਾਲੜੀ ਮਸ਼ਾਲ ਨੀ
ਧੰਨ.....

ਸਰਸਾ ਦੇ ਕੰਢੇ ਜਦ ਪੈ ਗਿਆ ਵਿਛੋੜਾ ਸੀ,
ਪਿਤਾ ਦਸ਼ਮੇਸ਼ ਨਾਲ ਪੁੱਤਰਾਂ ਦਾ ਜੋੜਾ ਸੀ।
ਨਿੱਕੜੇ ਮਾਸੂਮ ਤੁਰ ਪਏ ਤੇਰੇ ਨਾਲ ਨੀ
ਧੰਨ...

ਅਜੀਤ ਤੇ ਜੁਝਾਰ ਲਾੜੀ ਮੌਤ ਵਿਆਹੀ ਏ।
ਗੜ੍ਹੀ ਚਮਕੌਰ ਵਿੱਚ ਪਿੱਠ ਨਾ ਵਿਖਾਈ ਏ।
ਸੂਰਬੀਰ ਯੋਧੇ ਤੇਰੇ ਪੋਤਰੇ ਕਮਾਲ ਨੀ
ਧੰਨ...

ਛੋਟਿਆਂ ਨੇ ਸਿਦਕ ਨਿਭਾਇਆ ਸਰਹੰਦ ਏ,
ਸਿਦਕੋਂ ਨਾ ਡੋਲੇ ਭਾਵੇਂ ਡੋਲ ਗਈ ਕੰਧ ਏ।
ਕੰਬਿਆ ਜਲਾਦ ਤੱਕ ਚਿਹਰੇ ਦਾ ਜਲਾਲ ਨੀ
ਧੰਨ...

ਪੋਤਿਆਂ ਦੇ ਨਾਲ ਸੱਚਖੰਡ ਚਾਲੇ ਪਾ ਲਏ।
ਵਾਰ ਸਰਬੰਸ ਤੁਸਾਂ ਸ਼ੁਕਰ ਮਨਾ ਲਏ।
'ਦੀਸ਼' ਕੋਲੋਂ ਹੋਏ ਨਾ ਬਿਆਨ ਸਾਰਾ ਹਾਲ ਨੀ
ਧੰਨ...

ਗੁਰਪੁਰਬ ਤੇ ਵਿਸ਼ੇਸ਼-

ਜੋਤ ਨੂਰਾਨੀ ... (ਗੀਤ)

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
ਸੰਪਰਕ +1 403-404-1450

ਭਾਗਾਂ ਵਾਲੇ ਪਟਨੇ ਸ਼ਹਿਰ, ਇੱਕ ਆਈ ਜੋਤ ਨੂਰਾਨੀ।
ਜਿਸ ਦਾ ਕੁੱਲ ਦੁਨੀਆਂ ਦੇ ਅੰਦਰ, ਹੋਇਆ ਨ੍ਹੀ ਕੋਈ ਸਾਨੀ।
ਸਭ ਦੇ ਸਾਂਝੇ ਸੱਚੇ ਸਤਿਗੁਰ, ਸ਼ੰਕਾ ਸਭ ਦੀ ਲਾਹੀ।
ਭੀਖਣ ਸ਼ਾਹ ਜਾਂ ਕੀਤਾ ਸਜਦਾ, ਦਿਸ ਪਈ ਜੋਤ ਇਲਾਹੀ।
ਜੰਗ ਦੀਆਂ ਇਹ ਖੇਡਾਂ ਖੇਡੇ, ਵਿੱਚ ਮੁੰਡਿਆਂ ਦੀ ਢਾਣੀ
ਭਾਗਾਂ.....

ਪੰਜ ਪਿਆਰੇ ਸਾਜ ਕੇ ਉਸਨੇ, ਸੁੱਤੀ ਅਣਖ ਜਗਾਈ।
'ਸਵਾ ਲਾਖ ਸੇ ਏਕ ਲੜਾਊਂ' ਕਥਨੀ ਕਰ ਦਿਖਲਾਈ।
ਉਹਦੇ ਪੁੱਤਾਂ ਜ਼ਾਲਿਮ ਨੂੰ ਸੀ, ਯਾਦ ਕਰਾਈ ਨਾਨੀ
ਭਾਗਾਂ.....

ਮੁਰਦਾ ਰੂਹਾਂ ਦੇ ਵਿੱਚ ਉਸਨੇ, ਮੁੜ ਤੋਂ ਪਾਈਆਂ ਜਾਨਾਂ।
ਦੱਬੇ ਕੁਚਲੇ ਲੋਕਾਂ ਦੇ ਸੰਗ, ਲਾਇਆ ਓਸ ਯਰਾਨਾ।
ਉਹਦੇ ਸਿੱਖਾਂ ਦੁਸ਼ਮਣ ਨੂੰ ਵੀ, ਰਣ ਪਿਲਾਇਆ ਪਾਣੀ
ਭਾਗਾਂ.....

ਤਿਲਕ ਜੰਝੂ ਦੀ ਰਾਖੀ ਖ਼ਾਤਿਰ, ਸਾਇਆ ਸਿਰੋਂ ਮਿਟਾਇਆ।
ਉਸ ਆਪਣਾ ਸਰਬੰਸ ਹੀ ਸਾਰਾ, ਕੌਮ ਦੇ ਲੇਖੇ ਲਾਇਆ।
ਰੋਕੀ ਸੀ ਉਸ ਤਲਵਾਰਾਂ ਸੰਗ, ਜ਼ਾਲਿਮ ਦੀ ਮਨਮਾਨੀ
ਭਾਗਾਂ.....

ਉਸ ਦੇ ਨਿੱਕਿਆਂ ਵੱਡੇ ਸਾਕੇ, ਜੱਗ ਨੂੰ ਕਰ ਦਿਖਲਾਏ।
ਪੱਕੀ ਕਰਕੇ ਨੀਂਹ ਜਿਹਨਾਂ ਨੇ, ਸਿੱਖੀ ਮਹਿਲ ਬਣਾਏ।
ਜੱਸ ਉਹਦੇ ਨੂੰ ਕੀਕਣ ਗਾਵੇ,
ਦੀਸ਼ ਦੀ ਕਲਮ ਨਿਮਾਣੀ
ਭਾਗਾਂ.....

(ਗੁਰਦੀਸ਼ ਕੌਰ ਗਰੇਵਾਲ ਦੀ ਪੁਸਤਕ
'ਜਿਨੀ ਨਾਮੁ ਧਿਆਇਆ' ਵਿਚੋਂ)।

ਸੰਪਾਦਕ ਵਲੋਂ ਨੋਟ :

ਨਵੰਬਰ ਵਿਚ ਸਰਦਾਰ "ਦਿਆਲ ਸਿੰਘ ਮਜੀਠੀਆ ਰਿਸਰਚ ਤੇ ਕਲਚਰਲ ਫੋਰਮ" ਵਲੋਂ ਕਰਵਾਏ ਗਏ :

"ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ"

"ਔਨਲਾਈਨ ਇੰਟਰਨੈਸ਼ਨਲ ਕਵੀ ਦਰਬਾਰ" ਵਿਚ ਭਾਰਤ ਤੋਂ ਗੁਰਦੀਸ਼ ਕੌਰ ਗਰੇਵਾਲ, ਕਰਮ ਜੀਤ ਸਿੰਘ ਨੂਰ, ਸੁਜਾਨ ਸਿੰਘ ਸੁਜਾਨ, ਗੁਰਭਜਨ ਗਿੱਲ, ਡਾ. ਗੁਰਮਿੰਦਰ ਕੌਰ ਸਿਧੂ, ਸਰਬਜੀਤ ਕੌਰ ਜੱਸ, ਰਵਿੰਦਰ ਭੱਠਲ, ਮਨਜਿੰਦਰ ਧਨੋਆ, ਤਰਲੋਚਨ ਲੋਚੀ ਅਤੇ ਹੋਰ ਕਈ ਉਘੇ ਕਵੀਆਂ ਨੇ ਹਿੱਸਾ ਲਿਆ। ਡਾ. ਸੁਰਜੀਤ ਪਾਤਰ ਨੇ ਇਸ ਕਵੀ ਦਰਬਾਰ ਦੀ ਪ੍ਰਧਾਨਗੀ ਕੀਤੀ।

ਗੁਰਦੁਆਰਾ, ਗੁਰਮਤਿ ਦੀ ਧਰਮਸ਼ਾਲਾ ਕਿਵੇਂ ਬਣੇ ? ਭਾਗ 5:

ਡਾ. ਕਾਬਲ ਸਿੰਘ ਅਤੇ ਡਾ. ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

ਗੁਰਦੁਆਰਾ ਸਿਧਾਂਤ ਦੀ ਪੂਰਤੀ ਲਈ ਪ੍ਰਚਾਰ ਸਬੰਧੀ ਕੁਝ ਸੁਝਾ।

(ਲੜੀ ਜੋੜਨ ਲਈ ਇਸ ਲੇਖ ਦੇ ਭਾਗ 1, 2, 3, 4 "ਸਾਂਝੀ ਵਿਰਾਸਤ" ਦੇ ਪਿਛਲੇ ਅੰਕਾਂ ਵਿਚ ਪੜ੍ਹੋ ਜੀ।)

ਗੁਰਮਤਿ ਪ੍ਰਚਾਰ ਕਿਰਤ ਕਰੋ, ਨਾਮ ਜਪੋ, ਤੇ ਵੰਡ ਛਕੋ ਦੇ ਸਿਧਾਂਤਾਂ ਦੀ ਦ੍ਰਿੜਤਾ ਲਈ ਹੀ ਹੋਣਾ ਚਾਹੀਦਾ ਹੈ। ਇਸ ਵਿੱਚ ਗੁਰਦੁਆਰਿਆਂ ਦਾ ਰੋਲ ਅਤਿਅੰਤ ਮਹੱਤਵਪੂਰਨ ਹੈ। ਪਿਛਲੇ ਲੇਖ ਵਿਚ ਗੁਰਦੁਆਰਾ-ਪ੍ਰਬੰਧ ਸਬੰਧੀ ਊਣਤਾਈਆਂ ਦਾ ਜ਼ਿਕਰ ਕੀਤਾ ਸੀ। ਇਸ ਲੇਖ ਵਿਚ ਗੁਰਮਤਿ ਦੇ ਪ੍ਰਚਾਰ-ਤਰੀਕਿਆਂ ਵਿੱਚ ਸੁਧਾਰ ਸਬੰਧੀ ਕੁਝ ਸੁਝਾ ਪੇਸ਼ ਹਨ।

ਗੁਰਦੁਆਰੇ ਨਿਰੋਲ ਗੁਰਬਾਣੀ-ਸਿਖਿਆ ਦੇ ਪ੍ਰਚਾਰ-ਸਥਾਨ ਹੋਣ: ਗੁਰਦੁਆਰਾ ਗੁਰਮਤਿ ਦੀ ਪਾਠਸ਼ਾਲਾ ਹੈ; ਕੇਵਲ ਸਮਾਜਕ ਕਾਰ ਵਿਹਾਰ ਜਾਂ ਕੰਨ-ਰਸ ਲਈ ਬੇਮਾਹਣੇ ਇਕੱਠ ਕਰਨ ਦਾ ਸਥਾਨ ਨਹੀਂ। ਗੁਰਮਤਿ ਪ੍ਰਚਾਰ ਦਾ ਮਨੋਰਥ ਜੀਵ ਨੂੰ ਗੁਰਬਾਣੀ-ਗਿਆਨ ਰਾਹੀਂ ਸਚਿਆਰ, ਦਇਆਲੂ, ਨਿਰਭਉ ਤੇ ਨਿਰਵੈਰ ਬਣਾ ਕੇ ਆਤਮਕ ਉੱਨਤੀ ਦੀ ਸਰਵਉੱਚ ਅਵਸਥਾ ਵਿਚ ਪੁਜੁਣ ਦੀ ਕੋਸ਼ਿਸ ਕਰਨਾ ਹੈ।ਸੰਗਤ ਲਈ ਪ੍ਰੋਗਰਾਮ ਉਲੀਕਣ ਵੇਲੇ ਵਿਚਾਰਿਆ ਜਾਵੇ ਕਿ ਇਸ ਵਿਚ ਗੁਰਬਾਣੀ ਦੀ ਕਿਹੜੀ ਸਿਖਿਆ (ਸੰਥਿਆ/ਵਿਆਖਿਆ, ਨਾਮ ਜਪਣ ਦੇ ਤ੍ਰੀਕੇ, ਸਿੱਖ ਇਤਿਹਾਸ ਦੀ ਜਾਣਕਾਰੀ, ਗੁਰਮੁਖੀ ਦਾ ਗਿਆਨ, ਸੰਗੀਤ ਵਿਦਿਆ, ਆਦਿ) ਦਿੱਤੀ ਜਾਵੇਗੀ।

ਪ੍ਰਚਾਰ ਲਈ ਗੁਰਬਾਣੀ ਦੀ ਕਸਵਟੀ ਜ਼ਰੂਰੀ: ਵਾਹਿਗੁਰੂ ਦੇ ਹੁਕਮ ਵਿਚ ਰਹਿਣਾ ਸਿੱਖੀ ਦਾ ਮੂਲ ਸਿਧਾਂਤ ਹੈ ਤੇ ਕਰਾਮਾਤਾਂ ਕਰਨੀਆਂ ਅਤੇ ਮੰਨਣੀਆਂ ਮਨ੍ਹਾ ਹਨ। ਪਰ ਕਈ ਵਾਰ ਕੱਚੇ-ਪਿੱਲੇ ਪ੍ਰਚਾਰਕਾਂ ਤੋਂ ਗੁਰੂ ਸਾਹਿਬਾਂ ਵਲੋਂ ਅਸ਼ੀਰਵਾਦ, ਕਰਾਮਾਤ ਜਾਂ ਚਮਤਕਾਰ ਰਾਹੀਂ ਸੰਤਾਨ ਤੇ ਧਨ-ਪ੍ਰਾਪਤੀ, ਮੁਕਤੀ, ਬਿਮਾਰੀ ਹਟਾਉਣ, ਰਿਧੀਆਂ-ਸਿਧੀਆਂ ਪ੍ਰਾਪਤ ਕਰਨ, ਆਦਿ ਦੇ ਵਰ ਦੇਣ ਦੀਆਂ ਮਨਘੜਤ ਕਥਾਵਾਂ (myths) ਸੁਣਨ ਨੂੰ ਮਿਲਦੀਆਂ ਹਨ। ਅਨਜਾਣ ਸਿੱਖ ਇਨ੍ਹਾਂ ਸੁਣੀਆਂ ਸੁਣਾਈਆਂ ਸਾਖੀਆਂ ਦੇ ਅਧਾਰ ਤੇ ਇੱਛਾ ਪੂਰੀ ਹੋਣ ਦੇ ਬਦਲੇ ਧਨ-ਵਸਤੂ ਦਾਨ ਕਰਨ, ਤੀਰਥ ਯਾਤਰਾ ਅਤੇ ਇਸ਼ਨਾਨ ਕਰਨ, ਪਾਠ ਕਰਾਉਣ ਆਦਿ ਦੀਆਂ ਸੁਖਣਾਂ ਸੁਖਦੇ ਹਨ ਜਾਂ ਹੋਰ ਹੀਲੇ ਕਰਦੇ ਹਨ। ਕੀ ਇਹ ਮਨਮੱਤਾਂ ਅੰਤਰਜਾਮੀ ਵਾਹਿਗੁਰੂ ਨੂੰ ਲਾਲਚ ਜਾਂ ਵੱਢੀ ਦੇਣ ਅਤੇ ਉਸ ਨਾਲ ਸੌਦਾ ਕਰਨ ਦੇ ਬਰਾਬਰ ਨਹੀਂ? ਲੋੜ ਹੈ, ਗੁਰਬਾਣੀ ਦੀ ਕਸਵਟੀ ਅਨੁਸਾਰ ਪੰਥ-ਪ੍ਰਵਾਣਤ ਕਥਾਵਾਂ, ਵਿਆਖਿਆ, ਸਾਖੀਆਂ ਤੇ ਇਤਿਹਾਸ ਹੀ ਪ੍ਰਚਾਰੇ ਜਾਣ। ਪ੍ਰਚਾਰਕ ਸੰਗਤ ਨੂੰ ਕਰਮ-ਕਾਂਡਾਂ ਤੇ ਮਨਮੱਤਾਂ ਤੋਂ ਦੂਰ ਰਹਿਣ ਲਈ ਬੇਝਿਜਕ ਪ੍ਰੇਰਨ। ਇਸ ਉਦਮ ਵਿਚ ਗੁਰਦੁਆਰਾ ਪ੍ਰਬੰਧਕਾਂ, ਪ੍ਰਚਾਰਕਾਂ ਤੇ ਸੰਗਤ ਦਾ ਰੋਲ ਬਹੁਤ ਮਹੱਤਵਪੂਰਨ ਹੈ।

ਗੁਰਬਾਣੀ ਦੇ ਭਾਵ-ਅਰਥ ਸਮਝਾਉਣ ਦੀ ਜ਼ਰੂਰਤ: ਆਮ ਸੰਗਤ ਵਾਸਤੇ ਗੁਰਬਾਣੀ ਦੇ ਭਾਵ-ਅਰਥ ਸਮਝਣੇ ਮੁਸ਼ਕਲ ਹੋ ਸਕਦੇ ਹਨ, ਅਤੇ ਅੱਖਰੀ ਤਰਜਮੇ ਨਾਲ ਕਈ ਵਾਰ ਸੰਗਤ ਵਿਚ ਭਰਮ-ਭੁਲੇਖੇ ਪੈਣ ਦਾ ਖ਼ਦਸ਼ਾ ਰਹਿੰਦਾ ਹੈ। ਇਸ ਲਈ ਗੁਰਬਾਣੀ ਗਿਆਨ ਦਾ ਸਹੀ ਤੇ ਪੂਰਨ ਲਾਭ ਲੈਣ ਲਈ ਪਾਠ, ਕੀਰਤਨ, ਅਤੇ ਹੁਕਮਨਾਮੇ ਵੇਲੇ ਸੰਗਤ ਨੂੰ ਭਾਵ-ਅਰਥ ਸਮਝਾਣੇ ਜ਼ਰੂਰੀ ਹਨ। ਇੰਟਰਨੈਟ ਵੀ ਵਰਤਿਆ ਜਾ ਸਕਦਾ ਹੈ। ਕਈ ਜਗ੍ਹਾ ਕੁਝ ਸੰਗਤ (ਪੰਜਾਬੋਂ ਬਾਹਰ ਤੇ ਬਾਹਰਲੇ ਦੇਸ਼ਾਂ ਵਿਚ ਨੌਜਵਾਨ ਪੀੜ੍ਹੀ) ਲਈ ਪੰਜਾਬੀ ਸਮਝਣਾ ਮੁਸ਼ਕਲ ਹੋ ਸਕਦਾ ਹੈ, ਇਸ ਲਈ ਸਥਾਨਿਕ ਭਾਸ਼ਾ ਵਿਚ ਵੀ ਭਾਵ-ਅਰਥ ਦਸੇ ਜਾਣ।

ਗੁਰਦੁਆਰਾ ਸਾਰੀ ਮਨੁਖਤਾ ਨੂੰ ਗੁਰਬਾਣੀ ਦਾ ਉਪਦੇਸ਼ ਪਹੁੰਚਾਵੇ: ਗੁਰਬਾਣੀ ਸਾਰੀ ਮਨੁਖਤਾ ਦਾ ਭਲਾ ਕਰਨ ਦੇ ਸਮ੍ਰਥ ਹੈ। ਪ੍ਰੰਤੂ ਅੱਜ ਗੁਰਬਾਣੀ ਦਾ ਬਹੁਤਾ ਪ੍ਰਚਾਰ ਸਿਰਫ ਸਿੱਖਾਂ ਤਕ ਸੀਮਤ ਹੈ। ਲੋੜ ਹੈ ਗੁਰਬਾਣੀ ਦਾ ਸੰਦੇਸ਼ ਸਾਰੀ ਮਨੁਖਤਾ ਤਕ ਪਹੁੰਚੇ। ਘੱਟ ਗਿਣਤੀ ਵਿੱਚ ਹੋਣ ਕਾਰਨ ਸਿੱਖਾਂ ਲਈ ਅਜੇਹਾ ਕਰਨਾ ਬਹੁਤ ਜ਼ਰੂਰੀ ਹੈ। ਪ੍ਰਚਾਰਕਾਂ ਨੂੰ ਯੋਗ ਟਰੇਨਿੰਗ ਦੇ ਕੇ ਧਰਮ-ਪ੍ਰਚਾਰ ਲਈ ਭੇਜਿਆ ਜਾਵੇ।

ਵੈਸੇ ਲੋੜ ਤਾਂ ਹੈ ਹਰ ਸਿੱਖ ਪ੍ਰਚਾਰਕ ਬਣੇ, ਪ੍ਰੰਤੂ ਇਹ ਤਾਂ ਹੀ ਸੰਭਵ ਹੈ ਜੇ ਖ਼ੁਦ ਨੂੰ ਲੋੜੀਂਦਾ ਗਿਆਨ ਹੋਵੇਗਾ।ਚੰਗਾ ਹੋਵੇ ਜੇ ਖਾਸ ਮੌਕਿਆਂ ਉਤੇ ਹੋਰ ਧਰਮਾਂ ਦੇ ਵਿਦਵਾਨ ਬੁਲਾ ਕੇ ਉਨ੍ਹਾਂ ਦੇ ਵਿਚਾਰ ਸੁਣੇ ਜਾਣ। ਅਜੇਹੇ ਵਿਚਾਰ ਵਟਾਂਦਰੇ ਨਾਲ ਕਈ ਤਰ੍ਹਾਂ ਦੇ ਭਰਮ-ਭੁਲੇਖੇ ਦੂਰ ਹੋਣਗੇ, ਅਤੇ ਭਰਾਤਰੀ-ਭਾਵ ਤੇ ਸਿੱਖਾਂ ਦੀ ਸੁਰਖਿਆ ਵਿਚ ਵਾਧਾ

ਹੋਵੇਗਾ। ਇਹ ਸਮੇਂ ਦੀ ਲੋੜ ਵੀ ਹੈ। ਸਥਾਨਕ ਬੋਲੀਆਂ ਵਿਚ ਵੱਖ-ਵੱਖ ਵਿਸ਼ਿਆਂ ਤੇ ਪਰਚੇ ਵੰਡਣੇ, ਰਸਮੀ ਅਤੇ ਗੈਰ-ਰਸਮੀ ਵਿਚਾਰ-ਵਟਾਂਦਰਾ (Interfaith Dialogue), ਸੈਮੀਨਾਰ, ਗੁਰਮਤਿ ਕੈਂਪ, ਆਦਿ ਉਦਮਾਂ ਵਿੱਚ ਵਾਧਾ ਕਰਨ ਦਾ ਵੀ ਸੁਝਾ ਹੈ।

ਸਿੱਖ ਤੇ ਵਾਹਿਗੁਰੂ ਵਿਚਕਾਰ ਕਿਸੇ ਹੋਰ ਹਸਤੀ ਦੀ ਲੋੜ ਨਹੀਂ: ਗੁਰਮਤਿ ਅਨੁਸਾਰ ਵਾਹਿਗੁਰੂ ਦੀ ਕ੍ਰਿਪਾ ਦਾ ਪਾਤਰ ਬਣਨ ਲਈ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਤੋਂ ਬਿਨਾਂ ਕਿਸੇ ਹੋਰ ਜੀਵਤ ਜਾਂ ਨਿਰਜੀਵ ਹਸਤੀ ਦੀ ਵਿਚੋਲਗੀ ਦੀ ਲੋੜ ਨਹੀਂ। ਕੋਈ ਵਿਅਕਤੀ ਆਪਣੇ ਆਪ ਨੂੰ ਗੁਰੂ, ਰੱਬ, ਰੱਬ ਦਾ ਦੂਤ, ਜਾਂ ਹੋਰ ਕਿਸੇ ਤਰੀਕੇ ਨਾਲ ਬਾਕੀ ਸਿੱਖਾਂ ਤੋਂ ਵਖਰਾ ਨਹੀਂ ਕਹਾ ਸਕਦਾ। ਪਰ ਕੁਝ ਪਖੰਡੀ 'ਧਾਰਮਿਕ' ਲੋਕ ਆਪਣੇ ਨਾਮ ਨਾਲ ਖਾਸ ਖ਼ਿਤਾਬ ਜੋੜਦੇ ਹਨ, ਅਤੇ ਖ਼ੁਦ ਨੂੰ ਜੀਵ ਤੇ ਵਾਹਿਗੁਰੂ ਵਿਚਕਾਰ 'ਵਿਚੋਲਾ' ਦੱਸਕੇ ਸਿਧੇ-ਸਾਦੇ ਲੋਕਾਂ ਨੂੰ ਭਰਮਾਉਂਦੇ ਤੇ ਲੁੱਟਦੇ ਹਨ। ਗੁਰਦੁਆਰਿਆਂ ਰਾਹੀਂ ਪ੍ਰਚਾਰ ਕਰਕੇ ਇਸ ਦੰਭ ਨੂੰ ਰੋਕਣ ਦੀ ਬਹੁਤ ਲੋੜ ਹੈ।

ਸਿੱਖੀ ਵਿੱਚ ਪਹਿਰਾਵੇ, ਦਿਖ, ਤੇ ਜੀਵਨ ਵਿਚ ਵਖਰੇਵਾਂ ਮਨ੍ਹਾਂ ਹੈ: ਬਹੁਤੇ ਧਰਮਾਂ ਵਿਚ ਧਾਰਮਿਕ ਆਗੂ ਆਮ ਦੁਨੀਆਂਦਾਰਾਂ ਨਾਲੋਂ ਵੱਖਰੀ ਦਿਖ ਤੇ ਪਹਿਰਾਵੇ ਵਾਲੇ ਅਤੇ ਕਈ ਵਾਰ ਪ੍ਰਵਾਰਿਕ ਜੀਵਨ ਤੋਂ ਪਰ੍ਹੇ ਹੁੰਦੇ ਸਨ ਤੇ ਅਜ ਵੀ ਹਨ। ਇਸ ਦੇ ਉਲਟ ਸਿੱਖ ਗੁਰੂਆਂ ਨੇ ਆਪਣੇ ਪੈਰੋਕਾਰਾਂ ਦੇ ਹਰ ਵਰਗ ਲਈ ਇਕੋ ਪਹਿਰਾਵੇ ਦਾ ਸਿਧਾਂਤ ਬਖਸ਼ਿਆ। ਸਿੱਖੀ ਵਿਚ ਕਿਸੇ ਵੀ ਅਧਾਰ ਤੇ ਵੱਖਰੇਪਨ ਦਾ ਪ੍ਰਗਟਾਵਾ ਕਰਨਾ ਮਨ੍ਹਾ ਹੈ। ਪ੍ਰੰਤੂ ਗੁਰੂ ਆਸ਼ੇ ਦੇ ਵਿਰੁਧ ਕੁਝ ਪ੍ਰਚਾਰਕ ਅਤੇ ਪੁਜਾਰੀ ਸ਼੍ਰੇਣੀ ਦੇ ਲੋਕ ਖਾਸ ਪਹਿਰਾਵੇ (ਵਿਸ਼ੇਸ਼ ਤਰ੍ਹਾਂ ਦੀਆਂ ਚਾਦਰਾਂ, ਕੰਬਲ/ਲੋਈਆਂ, ਪਜਾਮੇ, ਚੋਲੇ, ਕੋਟ, ਖਾਸ ਰੰਗਾਂ ਤੇ ਸਟਾਈਲਾਂ ਦੀਆਂ ਪੱਗਾਂ, ਆਦਿ) ਦਾ ਵਿਖਾਵਾ ਕਰਦੇ ਹਨ। ਸੋਚੋ, ਕੀ ਇਹ ਲੋਕ ਆਮ ਸ਼ਰਧਾਲੂਆਂ ਨੂੰ ਪ੍ਰਭਾਵਤ ਕਰਨ ਲਈ ਤੇ ਹਉਮੈ-ਵਸ ਖ਼ੁਦ ਨੂੰ ਸੰਗਤ ਨਾਲੋਂ ਉੱਚਾ ਤੇ ਖ਼ਾਸ ਦੱਸਣ ਲਈ ਅਜੇਹਾ ਤਾਂ ਨਹੀਂ ਕਰ ਰਹੇ? ਸੁਝਾ ਹੈ ਕਿ ਗੁਰਦਵਾਰਿਆਂ ਵਿਚ ਸੰਗਤ ਨੂੰ ਅਜੇਹੇ ਭੇਖਧਾਰੀਆਂ ਦੇ ਚੁੰਗਲ 'ਚੋਂ ਬਚਣ ਦੀ ਲੋੜ ਪ੍ਰਤੀ ਸਾਵਧਾਨ ਕੀਤਾ ਜਾਵੇ।

ਪ੍ਰਚਾਰਕ/ਸੇਵਾਦਾਰ ਸੰਗਤ ਦੇ ਅਧਿਆਪਕ ਬਣਨ: ਚੰਗਾ ਹੋਵੇ ਜੇ ਪ੍ਰਚਾਰਕ/ਸੇਵਾਦਾਰ ਸੰਗਤ ਨੂੰ ਗੁਰਮਤਿ ਸਿਖਾਉਣ ਲਈ ਅਧਿਆਪਕਾਂ ਵਾਂਗ ਰੁਝਾਨ ਰੱਖਣ। ਪ੍ਰਚਾਰਕਾਂ ਦੇ ਜੀਵਨ ਨਿਰਬਾਹ ਲਈ ਵਿੱਤੀ ਜ਼ਰੂਰਤ ਪੂਰੀ ਹੋਵੇ, ਤੇ ਨਾਲ ਸਿੱਖੀ ਦਾ ਸਹੀ ਪ੍ਰਚਾਰ ਵੀ ਹੋਵੇ। ਇਸ ਤਰ੍ਹਾਂ ਸੰਗਤ ਵਿਚੋਂ ਸਿਖਿਆਰਥੀ ਆਉਣਗੇ, ਪੜ੍ਹੇ-ਲਿਖੇ ਪ੍ਰਚਾਰਕ ਪੈਦਾ ਹੋਣਗੇ, ਅਤੇ ਪ੍ਰਚਾਰਕਾਂ/ਸੇਵਾਦਾਰਾਂ ਲਈ ਭੇਟਾ ਵੀ ਚਲਦੀ ਰਹੇਗੀ। ਗੁਰਬਾਣੀ ਦੇ ਗਿਆਨ ਤੇ ਸ਼ਰਧਾ ਵਿੱਚ ਵਾਧਾ ਹੋਵੇਗਾ ਅਤੇ ਸਿੱਖੀ ਪ੍ਰਫੁਲਤ ਹੋਵੇਗੀ।

ਪ੍ਰਚਾਰਕਾਂ ਤੇ ਸੇਵਾਦਾਰਾਂ ਦੀ ਸਿਖਿਆ ਲਈ ਉਪਰਾਲੇ ਜ਼ਰੂਰੀ: ਆਮ ਤੌਰ ਤੇ ਗੁਰਦੁਆਰਿਆਂ (ਖਾਸ ਕਰਕੇ ਛੋਟਿਆਂ) ਵਿਚ ਬਿਨਾਂ ਸਿੱਖੇ ਜਾਂ ਬਹੁਤ ਘੱਟ ਸਿੱਖੇ ਹੋਏ ਸੇਵਾਦਾਰ ਤੇ ਪ੍ਰਚਾਰਕ ਹੁੰਦੇ ਹਨ ਜੋ ਸੰਗਤ ਨੂੰ ਸਹੀ ਜਾਣਕਾਰੀ ਤੇ ਸੇਧ ਦੇਣ ਤੋਂ ਅਸਮਰਥ ਹੁੰਦੇ ਹਨ। ਇਸ ਕਾਰਨ ਕਈ ਮਨਮੱਤ ਵਾਲੀਆਂ ਰੀਤੀਆਂ ਚਲਦੀਆਂ ਰਹਿੰਦੀਆਂ ਹਨ।ਸੁਝਾ ਹੈ ਕਿ ਪ੍ਰਚਾਰਕ ਗੁਰਬਾਣੀ ਦੀ ਵਿਚਾਰਧਾਰਾ, ਸਿੱਖ ਇਤਿਹਾਸ, ਪ੍ਰੰਪਰਾਵਾਂ ਤੇ ਮਾਨਤਾਵਾਂ ਨੂੰ ਸਮਝਦੇ ਹੋਣ, ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਚੰਗੇ ਬੁਲਾਰੇ ਹੋਣ, ਅਤੇ ਦੂਸਰੇ ਧਰਮਾਂ ਬਾਰੇ ਵੀ ਲੋੜੀਂਦੀ ਜਾਣਕਾਰੀ ਰਖਦੇ ਹੋਣ। ਪ੍ਰਚਾਰਕਾਂ ਲਈ ਸਮੇਂ ਸਮੇਂ ਰੀਫਰੈਸ਼ਰ ਕੋਰਸ ਹੋਣ ਤਾਂ ਕਿ ਉਹ ਆਪਣੀ ਸਿੱਖਿਆ ਨੂੰ ਤਾਜ਼ਾ ਰਖ ਸਕਣ। ਇਸ ਤਰ੍ਹਾਂ ਦੇ ਸੱਜਨ ਵਰਤਮਾਨ ਢੰਗ ਤਰੀਕਿਆਂ ਰਾਹੀਂ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਤੇ ਸਿੱਖੀ ਨਾਲ ਸਦਾ ਲਈ ਜੋੜ ਸਕਣਗੇ।ਵੱਡੀਆਂ ਪ੍ਰਬੰਧਕ ਕਮੇਟੀਆਂ ਤੇ ਗੁਰਦੁਆਰੇ ਮੁਫ਼ਤ ਜਾਂ ਘਟ ਫੀਸ ਤੇ ਗੁਰਮਤਿ ਸਿਖਿਆ ਦਾ ਪ੍ਰਬੰਧ ਕਰਨ। ਇਸ ਤਰਾਂ ਗੁਰਦਵਾਰਿਆਂ ਵਿੱਚ ਆਮ ਸੇਵਾ/ਪ੍ਰਬੰਧ ਲਈ ਅਤੇ ਸਿੱਖੀ ਪ੍ਰਚਾਰ ਲਈ ਸਿਖਿਅਤ ਮਾਹਰ ਉਪਲੱਭਦ ਹੋਣਗੇ ਜੋ ਸੰਗਤ ਨੂੰ ਠੀਕ ਸੇਧ ਦੇ ਸਕਣਗੇ।

ਸਾਰਅੰਸ਼ : ਗੁਰਮਤਿ-ਪ੍ਰਚਾਰ ਦੇ ਤੌਰ-ਤਰੀਕਿਆਂ ਵਿਚ ਸੁਧਾਰ ਦੀ ਕਾਫ਼ੀ ਲੋੜ ਹੈ, ਤਾਂ ਕਿ ਜਗਿਆਸੂ ਗੁਰਬਾਣੀ ਤੋਂ ਸਹੀ ਗਿਆਨ-ਸੇਧ ਲੈ ਸਕਣ। ਇਸ ਕੰਮ ਵਿਚ ਗੁਰਦਵਾਰਿਆਂ, ਪ੍ਰਚਾਰਕਾਂ, ਪ੍ਰਬੰਧਕਾਂ ਤੇ ਸੰਗਤ ਦਾ ਸਹਿਯੋਗ ਅਤੀ ਮਹੱਤਵਪੂਰਨ ਹੈ।

("ਗੁਰਦੁਆਰਾ, ਗੁਰਮਤਿ ਦੀ ਧਰਮਸ਼ਾਲਾ ਕਿਵੇਂ ਬਣੇ?" ਪੂਰਾ ਲੇਖ "ਸਾਂਝੀ ਵਿਰਾਸਤ" ਦੇ ਬਲੌਗ ਤੇ ਪੜ੍ਹ ਸਕਦੇ ਹੋ ਜੀ।)


ਆਓ ਪੰਜਾਬੀ ਬੋਲੀਏ

ਅਨੁਰੀਤ ਕੌਰ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਮੋਹਾਲੀ-ਪੰਜਾਬ (ਭਾਰਤ)





ਪੰਜਾਬੀ ਸ਼ਬਦਾਂ ਦੀ ਜਾਣਕਾਰੀ

(ਸਕੂਲ ਸਿੱਖਿਆ ਵਿਭਾਗ, ਪੰਜਾਬ, ਵਲੋਂ ਸੁਪਰਜੀਤ ਕੌਰ ਤੋਂ ਤਿਆਰ ਕਰਵਾਈ)

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

ਅੱਜ ਦਾ ਸ਼ਬਦ

ਦੰਮ



ਲੜੀ ਨੰ:-300

ਦੰਮ ਜਾਂ ਦਮੜਾ ਸ਼ਬਦ ਦਾ ਅਰਥ ਹੈ-ਸਿੱਕਾ, ਪੈਸਾ, ਧਨ, ਦੌਲਤ ਅਤੇ ਮਾਇਆ। ਸੰਸਕ੍ਰਿਤ ਵਿੱਚ ਇਸ ਨੂੰ 'ਦ੍ਰਮ੍', ਫ਼ਾਰਸੀ ਵਿੱਚ 'ਦਿਰਮ', ਪੰਜਾਬੀ ਵਿੱਚ 'ਦੰਮ' ਅਤੇ ਅੰਗਰੇਜ਼ੀ ਵਿੱਚ ਇਸਨੂੰ 'money' ਕਿਹਾ ਜਾਂਦਾ ਹੈ। ਰੋਜ਼ਾਨਾ ਜੀਵਨ ਵਿੱਚ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਪੈਸੇ ਦਾ ਹੋਣਾ ਬਹੁਤ ਜ਼ਰੂਰੀ ਹੈ। ਕਿਸੇ ਕੋਲ਼ ਦਮੜੇ ਵੱਧ ਜਾਂ ਘੱਟ ਹੋ ਸਕਦੇ ਹਨ ਪਰ ਇਹਨਾਂ ਬਿਨਾਂ ਜੀਵਨ ਨਹੀਂ ਚੱਲ ਸਕਦਾ। ਮਨੁੱਖ ਦਮੜੇ ਕਮਾਉਣ ਲਈ ਹਰ ਸੰਭਵ ਯਤਨ ਕਰਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਦੰਮ ਸ਼ਬਦ ਦਾ ਜ਼ਿਕਰ ਕੀਤਾ ਹੈ ਅਤੇ ਪੈਸੇ ਨੂੰ ਦੰਮ ਲਿਖਿਆ ਹੈ:

ਮਾਇਆ ਮੋਹੁ ਨ ਵੀਸਰੈ ਮਾਂਗੇ ਦੰਮਾ ਦੰਮ।।

ਗਿਆਰ੍ਹਵੀਂ ਜਮਾਤ ਦੀ ਲਾਜ਼ਮੀ ਪੰਜਾਬੀ ਦੀ ਪਾਠ-ਪੁਸਤਕ ਵਿੱਚ ਦੰਮ ਸ਼ਬਦ ਦਾ ਜ਼ਿਕਰ ਆਇਆ ਹੈ:

ਦੰਮਾਂ ਦੀ ਬੋਰੀ ਤੇਰਾ ਬਾਬਾ ਵੇ ਫੜੇ,
ਵੇ ਨਿੱਕਿਆ ਹਾਥੀਆਂ ਦਾ ਸੰਗਲ਼
ਤੇਰਾ ਬਾਪ ਫੜੇ।

ਵਿਦਿਆਰਥੀ ਇਸ ਸ਼ਬਦ ਦੀ ਵਰਤੋਂ ਕਰਕੇ ਤਿੰਨ ਵਾਕ ਆਪਣੀ ਕਾਪੀ ਵਿੱਚ ਲਿਖਣ।

ਸੁਪਰਜੀਤ ਕੌਰ, ਪੰਜਾਬੀ ਮਿਸਟ੍ਰੈਸ ਡੀ.ਐੱਮ. ਪੰਜਾਬੀ ਸਸਸ ਸਮਾਰਟ ਸਕੂਲ, ਮਾਡਲ ਟਾਊਨ, ਲੁਧਿਆਣਾ।
ਸਲਾਈਡ ਤਿਆਰ ਕਰਤਾ - ਗੁਰਪਾਲ ਸਿੰਘ ਬਿਲਾਵਲ ਡੀ.ਐੱਮ. ਪੰਜਾਬੀ ਸ.ਹ.ਸ. ਸੰਘੇੜਾ (ਬਰਨਾਲ਼ਾ)

ਸਕੂਲ ਸਿੱਖਿਆ ਵਿਭਾਗ, ਪੰਜਾਬ

ਗੁਰਬਾਣੀ ਮੁਤਾਬਿਕ ਸਵਾਲ-ਜਵਾਬ (2)

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ (ਕੈਨੇਡਾ)

(ਪਹਿਲੇ 6 ਸਵਾਲ ਅਤੇ ਉਨ੍ਹਾਂ ਦੇ ਜਵਾਬ ਪੜ੍ਹਣ ਲਈ 'ਸਾਂਝੀ ਵਿਰਾਸਤ' ਦਾ ਨਵੰਬਰ 2022 ਅੰਕ ਵੇਖੋ ਜੀ)

7. ਦੁਖਾਂ ਤੇ ਪਾਪਾਂ ਦਾ ਨਾਸ ਕਿੱਦਾਂ ਹੁੰਦਾ ਹੈ?

ਨਾਮ ਸੁਣਨ ਨਾਲ਼ ਦੁਖਾਂ ਤੇ ਪਾਪਾਂ ਦਾ ਨਾਸ ਹੁੰਦਾ ਹੈ ਤੇ ਭਗਤਾਂ ਦੇ ਮਨ 'ਚ ਖੇੜਾ ਪੈਦਾ ਹੁੰਦਾ ਹੈ!

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥8॥ ਅੰਗ 2॥

ਅਤੇ, ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥1॥ ਅੰਗ 9।

ਜਿਸ ਮਨੁੱਖ ਦੇ ਅੰਦਰ ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਨ ਦੀ ਤਾਂਘ ਪੈਦਾ ਹੋ ਜਾਂਦੀ ਹੈ, (ਹਰਿ-ਨਾਮ-ਭੋਜਨ ਖਾ ਕੇ) ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।ਅਤੇ

ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ॥ ॥ਅੰਗ 10॥

ਹੇ ਸੰਤ ਜਨੋ ! ਉਸ ਪਰਮਾਤਮਾ ਦਾ ਧਿਆਨ ਧਰਿਆ ਕਰੋ, ਉਹ ਸਾਰੇ ਦੁੱਖਾਂ ਦਾ ਨਾਸ ਕਰਨ ਵਾਲ਼ਾ ਹੈ।

8. ਨਾਮ ਸੁਣਨ ਦੇ ਹੋਰ ਕੀ ਫਾਇਦੇ ਹਨ ?

ਸੁਣਿਐ ਪੋਹਿ ਨ ਸਕੈ ਕਾਲੁ॥...
ਸੁਣਿਐ ਮੁਖਿ ਸਾਲਾਹਣ ਮੰਦੁ॥...
ਸੁਣਿਐ ਜੋਗ ਜੁਗਤਿ ਤਨਿ ਭੇਦ॥
ਸੁਣਿਐ ਸਾਸਤ ਸਿਮ੍ਰਿਤਿ ਵੇਦ॥
॥ ਅੰਗ 2॥

ਨਾਮ ਸੁਣਨ ਨਾਲ ਕਾਲ ਪੋਹ ਨਹੀਂ ਸਕਦਾ। ...

ਮੰਦਾ ਮਨੁੱਖ ਭੀ ਮੂੰਹੋਂ ਰੱਬ ਦੀਆਂ ਸਿਫ਼ਤਾਂ ਕਰਨ ਲੱਗ ਪੈਂਦਾ ਹੈ। ਸਰੀਰ ਦੀਆਂ ਗੁੱਝੀਆਂ ਇੰਦਰੀਆਂ ਦੇ



ਵਿਕਾਰਾਂ ਵੱਲ ਦੌੜ-ਭੱਜ ਦੇ ਭੇਦ ਦਾ ਪਤਾ ਲੱਗ ਜਾਂਦਾ ਹੈ, ਪ੍ਰਭੂ-ਮੇਲ ਦੀ ਜੁਗਤੀ ਦੀ ਸਮਝ ਪੈ ਜਾਂਦੀ ਹੈ।... ਸ਼ਾਸਤ੍ਰਾਂ ਸਿਮ੍ਰਿਤੀਆਂ ਤੇ ਵੇਦਾਂ ਦੀ ਸਮਝ ਪੈ ਜਾਂਦੀ ਹੈ ਧਾਰਮਿਕ ਪੁਸਤਕਾਂ ਦਾ ਅਸਲ ਉੱਚਾ ਨਿਸ਼ਾਨਾ ਤਦੋਂ ਸਮਝ ਪੈਂਦਾ ਹੈ ਜਦੋਂ ਅਸੀਂ ਨਾਮ ਵਿਚ ਸੁਰਤ ਜੋੜਦੇ ਹਾਂ, ਨਹੀਂ ਤਾਂ ਨਿਰੇ ਲਫ਼ਜ਼ਾਂ ਨੂੰ ਹੀ ਪੜ੍ਹ ਛੱਡਦੇ ਹਾਂ। ਉਸ ਅਸਲੀ ਜਜ਼ਬੇ ਵਿਚ ਨਹੀਂ ਪਹੁੰਚਦੇ ਜਿਸ ਵਿਚ ਅੱਪੜ ਕੇ ਉਹ ਧਾਰਮਿਕ ਪੁਸਤਕਾਂ ਉਚਾਰੀਆਂ ਹੁੰਦੀਆਂ ਹਨ।

ਸੁਣਿਐ ਸਤੁ ਸੰਤੋਖੁ ਗਿਆਨੁ ॥ ਅੰਗ 2॥

ਹਿਰਦੇ ਵਿਚ ਦਾਨ ਦੇਣ ਦਾ ਸੁਭਾਉ, ਸੰਤੋਖ ਤੇ ਆਤਮਿਕ ਪ੍ਰਕਾਸ਼ ਪਰਗਟ ਹੋ ਜਾਂਦੇ ਹਨ।

ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ ॥
ਸੁਣਿਐ ਲਾਗੈ ਸਹਜਿ ਧਿਆਨੁ ॥ ਅੰਗ 3॥

ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ। ਅਠਾਰਠ ਤੀਰਥਾਂ ਦੇ ਇਸ਼ਨਾਨ ਨਾਮ ਵਿਚ ਹੀ ਆ ਜਾਂਦੇ ਹਨ।

ਜੋ ਸਤਿਕਾਰ ਵਿੱਦਿਆ ਪੜ੍ਹ ਕੇ ਮਿਲਦਾ ਹੈ ਉਹ ਭਗਤ ਜਨਾਂ ਨੂੰ ਅਕਾਲ ਪੁਰਖ ਦੇ ਨਾਮ ਵਿਚ ਜੁੜ ਕੇ ਹੀ ਮਿਲ ਜਾਂਦਾ ਹੈ। ਨਾਮ ਸੁਣਨ ਦਾ ਸਦਕਾ ਅਡੋਲਤਾ ਵਿਚ ਚਿੱਤ ਦੀ ਬ੍ਰਿਤੀ ਟਿਕ ਜਾਂਦੀ ਹੈ; ਆਤਮਿਕ ਅਡੋਲਤਾ ਤੇ ਪਰਮੇਸ਼ਰ 'ਚ ਧਿਆਨ ਲੱਗਦਾ ਹੈ!

ਸੁਣਿਐ ਸਰਾ ਗੁਣਾ ਕੇ ਗਾਹ॥
ਸੁਣਿਐ ਸੇਖ ਪੀਰ ਪਾਤਿਸਾਹ॥
ਸੁਣਿਐ ਅੰਧੇ ਪਾਵਹਿ ਰਾਹੁ॥
ਸੁਣਿਐ ਹਾਥ ਹੋਵੇ ਅਸਗਾਹੁ ॥" ਅੰਗ 3॥

ਅਕਾਲ ਪੁਰਖ ਦੇ ਨਾਮ ਵਿਚ ਸੁਰਤਿ ਜੋੜਨ ਨਾਲ ਬੇਅੰਤ ਗੁਣਾਂ ਦੀ ਸੂਝ ਵਾਲ਼ੇ ਹੋ ਜਾਂਈਦਾ ਹੈ। ਸ਼ੇਖ ਪੀਰ ਤੇ ਪਾਤਿਸ਼ਾਹਾਂ ਦੀ ਪਦਵੀ ਪਾ ਲਈਦੀ ਹੈ। ਇਹ ਨਾਮ ਸੁਣਨ ਦੀ ਹੀ ਬਰਕਤਿ ਹੈ ਕਿ ਅੰਨ੍ਹੇ ਗਿਆਨ-ਹੀਣ ਮਨੁੱਖ ਭੀ (ਅਕਾਲ ਪੁਰਖ ਨੂੰ ਮਿਲਣ ਦਾ) ਰਾਹ ਲੱਭ ਲੈਂਦੇ ਹਨ। ਅਕਾਲ ਪੁਰਖ ਦੇ ਨਾਮ ਵਿਚ ਜੁੜਨ ਸਦਕਾ ਇਸ ਡੂੰਘੇ ਸੰਸਾਰ-ਸਮੁੰਦਰ ਦੀ ਅਸਲੀਅਤ ਸਮਝ ਆ ਜਾਂਦੀ ਹੈ।

ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਈਸਰੁ ਬਰਮਾ ਇੰਦੁ ॥ ਅੰਗ 2॥

ਇਹ ਨਾਮ ਹਿਰਦੇ ਵਿਚ ਟਿਕਣ ਦੀ ਹੀ ਬਰਕਤਿ ਨਾਲ਼ ਸਧਾਰਨ ਮਨੁੱਖ ਵੀ ਸਿੱਧਾਂ, ਪੀਰਾਂ, ਦੇਵਤਿਆਂ ਤੇ ਨਾਥਾਂ ਦੀ ਪਦਵੀ ਪਾ ਲੈਂਦੇ ਹਨ। ਸਾਧਾਰਨ ਮਨੁੱਖ ਸ਼ਿਵ, ਬ੍ਰਹਮਾ ਤੇ ਇੰਦਰ ਦੀ ਪਦਵੀ ਤੇ ਅੱਪੜ ਜਾਂਦਾ ਹੈ।

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥
ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ ॥
ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ ॥
ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ ॥
॥ ਅੰਗ 1239-1240।

ਜੇ ਇਹ ਨਾਮ ਸੁਣੀਏ, ਇਸ ਵਿਚ ਸੁਰਤਿ ਜੋੜੀਏ ਤੇ ਮਨ ਵਿਚ ਵਸਾ ਲਈਏ ਤਾਂ ਸੁਖ (ਪ੍ਰਾਪਤ) ਹੁੰਦਾ ਹੈ। ਨਾਮ ਵਿਚ ਸੁਰਤਿ ਜੋੜੀ ਰੱਖੀਏ ਤਾਂ ਮਨ ਖਿੜ ਜਾਂਦਾ ਹੈ, ਅੰਦਰ ਸ਼ਾਂਤੀ ਪੈਦਾ ਹੁੰਦੀ ਹੈ। ਮਨ (ਮਾਇਆ ਵਲੋਂ) ਰੱਜ ਜਾਂਦਾ ਹੈ ਤੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਮਨ ਵਿਚ ਨਾਮ (ਜਪਣ ਦਾ ਚਾਉ) ਪੈਦਾ ਹੋ ਜਾਂਦਾ ਹੈ, ਨਾਮ (ਸਿਮਰਨ) ਵਿਚ ਹੀ ਵਡਿਆਈ (ਪ੍ਰਤੀਤ ਹੁੰਦੀ) ਹੈ।

ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ ॥
ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ॥
ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ॥
ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ॥
॥ਅੰਗ 1240॥

ਗੁਰਮੁਖ ਨਾਮ (ਸਿਮਰਨ) ਵਿਚ ਹੀ ਉੱਚੀ ਕੁਲ ਵਾਲੀ ਇੱਜ਼ਤ ਸਮਝਦਾ ਹੈ, ਨਾਮ ਸਿਮਰਿਆਂ ਹੀ ਉੱਚੀ ਆਤਮਕ ਅਵਸਥਾ ਹਾਸਲ ਕਰਦਾ ਹੈ।
ਪ੍ਰਭੂ ਦੇ ਨਾਮ ਵਿਚ ਸੁਰਤਿ ਜੋੜੀਏ ਤਾਂ ਸਾਰੀਆਂ ਕਰਾਮਾਤੀ ਤਾਕਤਾਂ ਪਿੱਛੇ ਲੱਗੀਆਂ ਫਿਰਦੀਆਂ ਹਨ (ਸੁਤੇ ਸਿਧ ਹੀ ਪ੍ਰਾਪਤ ਹੋ ਜਾਂਦੀਆਂ ਹਨ); ਜਗਤ ਦੇ ਸਾਰੇ ਪਦਾਰਥ ਹਾਸਲ ਹੋ ਜਾਂਦੇ ਹਨ। ਨੌਂ ਖਜ਼ਾਨੇ ਭਾਵ ਜਗਤ ਦੇ ਸਾਰੇ ਪਦਾਰਥ ਤੇ ਜੋ ਕੁਝ ਮਨ ਚਿਤਵਦਾ ਹੈ ਮਿਲ ਜਾਂਦਾ ਹੈ । (ਮਨ ਵਿਚ) ਸੰਤੋਖ ਪੈਦਾ ਹੋ ਜਾਂਦਾ ਹੈ, ਮਾਇਆ (ਭੀ) ਸੇਵਾ ਕਰਨ ਲੱਗ ਪੈਂਦੀ ਹੈ।

ਉਹ ਅਵਸਥਾ ਪੈਦਾ ਹੋ ਜਾਂਦੀ ਹੈ ਜਿੱਥੇ ਮਨ ਡੋਲਦਾ ਨਹੀਂ, ਤੇ ਇਸ ਅਵਸਥਾ ਵਿਚ ਸੁਖ ਪ੍ਰਾਪਤ ਹੁੰਦਾ ਹੈ। ਜੇ ਨਾਮ ਵਿਚ ਸੁਰਤਿ ਜੋੜੀ ਰੱਖੀਏ ਤਾਂ ਪਵਿਤ੍ਰਤਾ ਪ੍ਰਾਪਤ ਹੁੰਦੀ ਹੈ, ਮਨ ਨੂੰ ਵੱਸ ਕਰਨ ਦੀ ਸਮਰੱਥਾ ਆ ਜਾਂਦੀ ਹੈ, ਜਮ (ਮੌਤ ਦਾ ਡਰ) ਨੇੜੇ ਨਹੀਂ ਢੁੱਕਦਾ।

ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ॥
ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ॥
ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ ॥
ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ॥
॥ਅੰਗ 1240॥

ਹਿਰਦੇ ਵਿਚ (ਪ੍ਰਭੂ ਦਾ) ਚਾਨਣ ਹੋ ਜਾਂਦਾ ਹੈ (ਆਤਮਕ ਜੀਵਨ ਦੀ ਸੂਝ ਨਾਲ) ਹਨੇਰਾ ਦੂਰ ਹੋ ਜਾਂਦਾ ਹੈ। ਆਪਣੇ ਅਸਲੇ ਨੂੰ ਸਮਝ ਲਈਏ ਤਾਂ ਪ੍ਰਭੂ ਦੇ ਨਾਮ ਦਾ ਲਾਭ ਖੱਟ ਲਈਦਾ ਹੈ। ਸਾਰੇ ਪਾਪ ਨਾਸ ਹੋ ਜਾਂਦੇ ਹਨ, ਪਵਿਤ੍ਰ ਸੱਚਾ ਪ੍ਰਭੂ ਮਿਲ ਪੈਂਦਾ ਹੈ।

ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ॥ ਅੰਗ 1240॥

ਹੇ ਨਾਨਕ! ਜੇ ਨਾਮ ਵਿਚ ਧਿਆਨ ਜੋੜੀਏ ਤਾਂ ਮੱਥੇ ਖਿੜੇ ਰਹਿੰਦੇ ਹਨ। ਪਰ ਇਹ ਨਾਮ ਉਹੀ ਮਨੁੱਖ ਸਿਮਰ ਸਕਦਾਹੈ ਜੋ ਗੁਰੂ ਦੇ ਦੱਸੇ ਰਾਹ ਉਤੇ ਤੁਰਦਾ ਹੈ ।

(ਇਸ ਤੋਂ ਅੱਗੇ ਜਨਵਰੀ 2023 ਦਾ ਅੰਗ ਵੇਖੋ ਜੀ)

ਗੁਰੂ ਗੋਬਿੰਦ ਸਿੰਘ ਜੀ

ਸਰਬਜੀਤ ਕੌਰ ਸਰਬ, ਉਤੱਰਾਖੰਡ (ਭਾਰਤ), 70170 71735



ਖਾਲਸ ਖਾਲਸਾ ਪੰਥ ਨੂੰ ਸਾਜ ਕੇ ਤੇ
ਗੁਰਾਂ ਨੀਵਿਆਂ ਤਾਈਂ ਵਡਿਆਈ ਬਖ਼ਸ਼ੀ
ਬੰਦਸ਼ ਚਾਰ ਕੁਰਹਿਤਾਂ ਦੀ ਲਾ ਕੇ ਤੇ
ਨੇਕ ਜੀਵਨ ਤੇ ਨੇਕ ਕਮਾਈ ਬਖ਼ਸ਼ੀ

ਤਾਕਤ ਆਪਣੀ ਸਾਡੇ ਸਪੁਰਦ ਕਰਕੇ
ਏਦਾਂ ਪੰਥ ਦੇ ਤਾਈਂ ਅਗਵਾਈ ਬਖ਼ਸ਼ੀ
ਜਾਤਾਂ ਪਾਤਾਂ ਨੂੰ ਬਾਟੇ ਵਿੱਚ ਘੋਲ਼ ਕੇ ਤੇ
ਸਾਨੂੰ ਪਾਤਸ਼ਾਹ ਨੇ ਪਾਤਸ਼ਾਹੀ ਬਖ਼ਸ਼ੀ

ਉੱਚੀ ਜ਼ਾਤ ਵਾਲੇ ਨੀਵੀਂ ਜਾਤ ਵਾਲੇ
ਇਕੋ ਥਾਂ ਬਰਾਬਰ ਬਿਠਾ ਦਿੱਤੇ
ਫੜੀ ਜਿਨ੍ਹਾਂ ਨੇ ਕਦੇ ਨਾ ਕਰਦ ਹੈ ਸੀ
ਹੱਥੀਂ ਉਨ੍ਹਾਂ ਦੇ ਖੰਡੇ ਫੜਾ ਦਿਤੇ

ਤੇਰਾ ਥਾਪੜਾ ਕਲਗੀਆਂ ਵਾਲਿਆ ਵੇ
ਕੱਲੇ ਸਿੰਘ ਨੂੰ ਲਖ ਬਣਾ ਸਕਦਾ
ਇਕ ਕਹਿਰੇ ਜਹੇ ਸਿੰਘ ਬਚਿੱਤਰ ਤਾਈਂ
ਮਸਤ ਹਾਥੀਆ ਨਾਲ ਭਿੜਾ ਸਕਦਾ

ਮੁਰਦਾ ਦਿਲ ਵੀ ਉਠ ਕੇ ਖੜ ਜਾਂਦੇ
ਜਜ਼ਬਾ ਉਹਨਾਂ ਵਿਚ ਐਸਾ ਜਗਾ ਸਕਦਾ
ਅਮ੍ਰਿਤ ਦੀਆਂ ਪਿਲਾ ਕੇ ਚਾਰ ਬੂੰਦਾਂ
ਚਿੜੀਆਂ ਬਾਜ਼ਾਂ ਦੇ ਨਾਲ ਲੜਾ ਸਕਦਾ

ਚੜ੍ਹਦੀ ਕਲਾ ਦੇ ਨਾਰੇ ਨੇ ਗੂੰਜ ਉਠਦੇ
ਰਣ ਵਿਚ ਖਾਲਸਾ ਜਦੋਂ ਵੀ ਕੜਕਦਾ ਏ
ਚੋਟਾਂ ਪੈਣ ਜਦ ਧੌਂਸੇ ਨਗਾਰਿਆਂ ਤੇ
ਧਕ ਧਕ ਕਾਲਜਾ ਵੈਰੀ ਦਾ ਧੜਕਦਾ ਏ

ਪੰਨਾ ਪੰਨਾ ਇਤਿਹਾਸ ਦਾ ਭਰੇ ਸਾਖੀ
ਐਸਾ ਪੁਰਖ ਉਪਕਾਰੀ ਨਾ ਵੇਖਿਆ ਏ
ਸੰਤ ਸਿਪਾਹੀ,ਜੋਧਾ,ਦਾਨੀ, ਮਹਾਂ ਦਾਨੀ
ਬੇਮਿਸਾਲ ਲਿਖਾਰੀ ਨਾ ਵੇਖਿਆ ਏ

ਲੇਖੇ ਸਾਰੇ ਸਰਬੰਸ ਨੂੰ ਲਾ ਕੇ ਤੇ
ਕਰਦਾ ਕੌਮ ਉਸਾਰੀ ਨਾ ਵੇਖਿਆ ਏ
ਹੀਰੇ ਲਾਲ ਲੁਟਾ ਕੇ ਕਦੇ ਕੋਈ
ਦਿੰਦਾ ਇਓਂ ਸਰਦਾਰੀ ਨਾ ਵੇਖਿਆ ਏ

ਬਣਕੇ ਲਾਲ ਮਾਂ ਗੁਜਰੀ ਦੇ ਲਾਲ ਵਰਗਾ
ਕਿਹੜਾ ਮਾਈ ਦਾ ਲਾਲ ਵਿਖਾ ਸਕਦਾ
ਜਿਹੜਾ ਸੂਲਾਂ ਦੀ ਸੇਜ ਤੇ ਸੌਂ ਕੇ ਵੀ
ਸੋਹਲੇ ਚੜਦੀਆਂ ਕਲਾ ਦੇ ਗਾ ਸਕਦਾ।

ਇਕ ਵਿਲੱਖਣ ਸੰਤ, ਕਵੀ ਅਤੇ ਯੋਧਾ -

ਗੁਰੂ ਗੋਬਿੰਦ ਸਿੰਘ ਜੀ

ਡਾ. ਰਾਜਾ ਬਲਰਾਜ ਸਿੰਘ, ਕੈਲਗਰੀ (ਕੈਨੇਡਾ)

ਗੁਰੂ ਗੋਬਿੰਦ ਸਿੰਘ ਜੀ ਇੱਕ ਮਹਾਨ ਮਿਸ਼ਨ ਦੇ ਨਾਲ ਸੰਸਾਰ ਤੇ ਆਏ। ਉਨ੍ਹਾਂ ਦੇ ਜੀਵਨ ਦਾ ਉਦੇਸ਼ ਸੱਚੇ ਧਰਮ ਦਾ ਪ੍ਰਚਾਰ ਕਰਨਾ ਅਤੇ ਬੁਰਾਈ ਨੂੰ ਖਤਮ ਕਰਨਾ ਸੀ। ਉਹ ਮਹਾਨ ਸ਼ਹੀਦ, ਗੁਰੂ ਤੇਗ ਬਹਾਦਰ ਸਾਹਿਬ (ਮਨੁੱਖੀ ਅਧਿਕਾਰਾਂ ਦੇ ਵਿਸ਼ਵ ਦੇ ਪਹਿਲੇ ਸਮਰਥਕ) ਦੇ ਇੱਕ ਮਹਾਨ ਸਪੁੱਤਰ ਸਨ। ਇੱਕ ਮਹਾਨ ਪਿਤਾ ਸਨ ਜਿਨ੍ਹਾਂ ਨੇ ਧਰਮ ਲਈ ਆਪਣੇ ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਦਿੱਤੀ। ਇੱਕ ਮਹਾਨ ਕਵੀ ਸਨ, ਜਿਨ੍ਹਾਂ ਨੇ ਫਾਰਸੀ ਵਿਚ "ਜ਼ਫਰ ਨਾਮਾ" (ਜਿੱਤ ਦਾ ਪੈਗਾਮ) ਭਾਰਤ ਦੇ ਤਤਕਾਲੀ ਸਮਰਾਟ ਨੂੰ ਭੇਜਿਆ। ਉਨ੍ਹਾਂ ਦੇ ਦਰਬਾਰ ਵਿੱਚ 52 ਨਿਪੁੰਨ ਕਵੀ ਸਨ ਅਤੇ ਉਨ੍ਹਾਂ ਨੇ ਖੁਦ ਕਈ ਭਾਸ਼ਾਵਾਂ ਵਿੱਚ ਬੇਮਿਸਾਲ ਕਾਵਿਕ ਰਚਨਾਵਾਂ ਕੀਤੀਆਂ। ਉਹ ਇੱਕ ਵਿਲੱਖਣ "ਸੰਤ-ਸਿਪਾਹੀ" ਸਨ ਜੋ ਬਹੁਤ ਵੱਡੀਆਂ ਫੌਜਾਂ ਦੁਆਰਾ ਘਿਰੇ ਹੋਣ ਤੇ ਵੀ ਨਿਡਰ ਅਤੇ ਜੇਤੂ ਰਹੇ।

ਗੁਰੂ ਸਾਹਿਬ ਸੰਜਮੀ ਅਤੇ ਆਦਰਸ਼ ਜੀਵਨ ਵਾਲੇ ਸਨ, ਅਤੇ ਸਿੱਖਾਂ ਨੂੰ ਅਨੁਸ਼ਾਸਿਤ ਆਚਰਣ ਵਾਲੀ ਨੈਤਿਕਤਾ ਦੀ "ਰਹਿਤ-ਮਰਯਾਦਾ" ਦਿੱਤੀ। ਉਨ੍ਹਾਂ ਨੂੰ ਸ਼ਸਤਰ ਸਿਰਫ ਧਰਮ ਅਤੇ ਗਰੀਬ ਲੋਕਾਂ ਦੀ ਰੱਖਿਆ ਲਈ ਚੁਕਣੇ ਪਏ। ਉਹ ਹਥਿਆਰਾਂ ਨੂੰ, ਰੱਬ ਦੇ ਰੂਪਕ ਵਜੋਂ, ਨਿਰਦੋਸ਼ਾਂ ਦੀ ਰੱਖਿਆ ਲਈ ਵਰਤਣ ਦੀ ਗਲ ਕਰਦੇ ਹਨ। ਇਨ੍ਹਾਂ ਵਿਚ ਸਿੱਖ ਹਰ ਸਮੇਂ (ਕਾਨੂਨਨ ਨਿਰਧਾਰਤ ਲੰਬਾਈ ਵਾਲੀ) ਕਿਰਪਾਨ ਪਹਿਨ ਸਕਦੇ ਹਨ, ਜੋ ਸਿੱਖ ਧਰਮ ਦੇ ਪੰਜ "ਕਕਾਰਾਂ" ਵਿੱਚੋਂ ਇੱਕ ਹੈ।

ਗੁਰੂ ਗੋਬਿੰਦ ਸਿੰਘ ਜੀ - ਸੰਤ ਅਤੇ ਵਿਦਵਾਨ ਕਵੀ

ਗੁਰੂ ਅਰਜਨ ਸਾਹਿਬ ਨੇ ਪਹਿਲੇ ਪੰਜ ਸਿੱਖ ਗੁਰੂਆਂ ਅਤੇ ਉਨ੍ਹਾਂ ਦੀ ਸੋਚ ਵਾਲੇ (ਸਾਰੀਆਂ ਜਾਤਾਂ ਅਤੇ ਫਿਰਕਿਆਂ ਦੇ) ਸੰਤਾਂ ਦੁਆਰਾ ਰਚਿਤ ਅਧਿਆਤਮਿਕ ਬਾਣੀ ਦਾ ਸੰਕਲਨ ਕੀਤਾ, ਜਿਸ ਨੂੰ "ਆਦਿ ਗ੍ਰੰਥ" ਵਜੋਂ ਜਾਣਿਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਾਅਦ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਨੂੰ ਵਿਚ ਸ਼ਾਮਲ ਕਰਕੇ ਇਸ ਦਾ ਨਾਂਅ "ਸ੍ਰੀ ਗੁਰੂ ਗ੍ਰੰਥ ਸਾਹਿਬ" ਰਖਿਆ। ਇਹ ਪਵਿੱਤਰ ਗ੍ਰੰਥ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਬਾਅਦ ਸਿੱਖਾਂ ਦੇ ਸਦੀਵੀ ਗੁਰੂ ਅਤੇ ਮਾਰਗਦਰਸ਼ਕ ਹੈ। ਆਪ ਨੇ ਆਪਣੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤਾ। ਗੁਰੂ ਜੀ ਦੀਆਂ ਬਹੁਤ ਸਾਰੀਆਂ ਲਿਖਤਾਂ ਜੰਗਾਂ ਦੌਰਾਨ ਅਤੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡਣ ਸਮੇਂ ਸਿਰਸਾ ਦਰਿਆ ਪਾਰ ਕਰਦੇ ਸਮੇਂ ਗੁਆਚ ਗਈਆਂ ਸਨ।

ਗੁਰੂ ਗੋਬਿੰਦ ਸਿੰਘ ਜੀ - ਨਿਡਰ ਯੋਧਾ

ਮੱਧਕਾਲੀਨ ਸਮੇਂ ਵਿੱਚ ਕੁਝ "ਪਵਿੱਤਰ ਧਰਤੀਆਂ" ਨੂੰ ਕਾਬੂ ਕਰਨ ਲਈ ਜੰਗ (**Crusades**) ਅਤੇ ਜਿਹਾਦ (**Jehad**) ਹੁੰਦੇ ਰਹੇ। ਪਰ ਗੁਰੂ ਸਾਹਿਬ ਨੇ ਕਿਸੇ ਹੋਰ ਧਰਮ ਦੇ ਵਿਰੁੱਧ ਜੰਗ ਨਹੀਂ ਛੇੜੀ ਅਤੇ ਨਾ ਹੀ ਕਿਸੇ ਨੂੰ ਸਿੱਖ ਧਰਮ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾ ਉਦੇਸ਼ ਕਿਸੇ ਪ੍ਰਦੇਸ਼ ਨੂੰ ਜਿੱਤਣਾ ਜਾਂ ਦੌਲਤ ਇਕੱਠੀ ਕਰਨਾ ਵੀ ਨਹੀਂ ਸੀ। ਉਨ੍ਹਾਂ 'ਤੇ ਜੰਗਾਂ ਥੋਪੀਆਂ ਗਈਆਂ, ਅਤੇ ਖਾਲਸੇ ਦੀ ਵਿਚਾਰਧਾਰਾ ਦੀ ਰੱਖਿਆ ਲਈ ਲੜਨਾ ਪਿਆ। ਉਨ੍ਹਾਂ ਨੇ ਸਿੱਖਾਂ ਨੂੰ ਆਪਣੇ 52 ਹੁਕਮਾਂ * ਵਿਚ ਉੱਤਮ ਜੀਵਨ-ਜਾਚ ਦੱਸੀ, ਜੋ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ 'ਤੇ ਆਧਾਰਿਤ ਹੈ। ਮੁਗਲਾਂ ਵਲੋਂ ਸਿੱਖਾਂ ਅਤੇ ਹਿੰਦੂਆਂ ਦ ਧਰਮ-ਪਰਿਵਰਤਨ ਕੀਤੇ ਜਾਣ ਖਿਲਾਫ ਤੇ ਅਤਿਆਚਾਰਾਂ ਵਿਰੁੱਧ ਲੜਾਈ ਲੜੀ।

- Please open the **You tube** Hyperlink below for a detailed discussion of one of the 52 Hukams of Guru Gobind Singh Ji.

We are Proud of Them

Dr. Naranjan Singh Dhalla was a Distinguished Professor at University of Manitoba and Founder Director of St Boniface Hospital Research Centre at Winnipeg. He designed improved drugs for Congestive Heart Failure (CHF), Ischemia Perfusion Injury, and Ischemic Heart Disease (IHD). He studied role of calcium handling defects in heart beating and in Diabetic Cardiomyopathy.







He received *Order of Canada Order of Manitoba, Fellowship of the Royal Society of Canada (FRSC)* and was inducted to *Canadian Medical Hall of Fame*. He was elected as Executive Director by *International Academy of Cardio-vascular Sciences* and Secretary General by *International Society for Heart Research*. At 86, he is active in his research work at Winnipeg.

Dr. Sohan Singh Hayreh is World's Leading Sikh Ophthalmological Researcher.



A Star Ophthalmologist of America, he is Pioneer in Fluorescent Eye Angiography and Vascular Diseases of the eye and Optic Nerve. His work in eye surgery is now a standard practice all over the world. He was the first Indian Beit Memoriam Research Fellow for PhD at London. From 1973 to 1999, he was Director of Research at University of Iowa (USA) and is now the Professor-Emeritus. Patients come to him from all over the world.

Dr Sohan Singh is a leading authority in eye diseases involving ocular circulation, optic disc and nerve, retina and choroidal disorders, glaucomatous optic neuropathy (causing blindness), changes in malignant arterial hypertension, ocular neovascularization, rheumatologic disorders and nocturnal arterial hypotension (due to high blood pressure at night).

Fluorescein Angiography is used for photographing circulation in retina and other eye parts, using a fluorescent dye. It detects diabetic retinopathy, vein occlusion, edema and eye tumors. Glaucoma was earlier supposed to be due to vascular insufficiency (blocking of oxygen) at the nerve head due to raised intraocular pressure. He showed that *vasogenic* concept of nerve damage was also involved. This is the *edema* due to a breakdown of the junctions that make up the blood-brain barrier, allowing fluids to enter the extra-cellular space. He is Fellow of American Academy and Royal College of Ophthalmology, and was given many Honours, including India's ICMR-Award, Australia's Norman McAllister Award, the Middlemore Prize, Edward Nettleship Award (UK), William Mackenzie Medal, Von Sallman and Duke-Elder Medal.

We applaud our young Sikhs' Achievements

Amrit Singh Mann is World's youngest Sikh Presenter with SKY NEWS (UK)



Mann is a multimedia journalist who has engaged millions on TV, radio, and digital platforms. He is known for presenting in an accessible and attractive way. He studied at Khalsa Secondary Academy and has a Diploma in TV and Radio Communication. He won Young Inspiration and Diplomacy Awards, Youth Parliament's Cabinet Office, and is Trained Mental Health First Aider.

Karanjit Kaur is the First Sikh Powerlifting Champion Girl from UK



First British Sikh Woman **Karanjit Kaur** (22) who won the World Powerlifting Championship, earning a place of Honour in Guinness Book of World Records.
(https://fb.watch/gtGsuBg3sd/)

Karman Kaur Thandi is India's Top Sikh Tennis Girl

Karman Kaur Thandi is now India's top Women's Singles tennis player. She moved up 91 ranks in latest Women's Tennis Association rankings. Last month, Karman earned World-wide acclaim for her very remarkable performance against a former Wimbledon finalist.




Sikh Troops War Memorial unveiled in Victoria Park, Leicester, UK.
(Sikh Museum Initiative, UK)

A bronze statue of a Sikh soldier was unveiled (on 30th of October 2022) to honour Sikhs who fought for the United Kingdom during the two World Wars and many other conflicts around the world. Although accounting for less than 2% of the population of British India at the time, Sikhs made up more than 20% of the British Indian Army at the outbreak of hostilities during the Great War.

The statue will be permanently based on Victoria Park. The statue has been created by artist S. Taranjit Singh. It will complement the existing War Memorials in Peace Walk. The Sikh Troops War Memorial Committee commissioned the statue.



We are Proud of Two Renowned Punjabi Soil Scientists



ਮੈਂ ਜਾਈ ਪੰਜਾਬ ਦੀ

ਨਿਰਮਲਜੀਤ ਸਿੰਘ, ਅਮ੍ਰਿਤਸਰ
ਪੰਜਾਬ (ਭਾਰਤ)





ਫਸਲਾਂ ਅਤੇ ਨਸਲਾਂ ਮਿਹਨਤ ਮੰਗਦੀਆਂ ਨੇ

ਰਾਜਵਿੰਦਰ ਕੌਰ ਵਿੜਿੰਗ, ਫਰੀਦਕੋਟ (ਭਾਰਤ)

ਜਦੋਂ ਅਸੀਂ ਫਸਲ ਬੀਜਣੀ ਹੋਵੇ ਤਾਂ ਪਹਿਲਾਂ ਜ਼ਮੀਨ ਨੂੰ ਤਿਆਰ ਕਰਦੇ ਹਾਂ, ਉਪਜਾਊ ਬਣਾਉਂਦੇ ਹਾਂ। ਵੱਧ ਝਾੜ ਲੈਣ ਲਈ, ਕੁਆਲਿਟੀ ਅਤੇ ਸ਼ੁਧਤਾ ਲੈਣ ਲਈ ਵਧੀਆ ਬੀਜ ਬੀਜਦੇ ਹਾਂ ਤੋਂ ਜੋ ਫਸਲ ਤੋਂ ਉਮੀਦ ਮੁਤਾਬਿਕ ਲੋੜਾਂ ਪੂਰੀਆਂ ਹੋ ਸਕਣ। ਮਨੁੱਖੀ ਜਿੰਦਗੀ ਸੰਸਾਰ ਤੇ ਲੰਮਾ ਸਫਰ ਤਹਿ ਕਰਦੀ ਹੈ। ਮਨੁੱਖ ਦੀ ਹੋਂਦ ਪੀੜ੍ਹੀ ਦਰ ਪੀੜ੍ਹੀ ਚੱਲਦੀ ਹੈ। ਵੰਸ਼ ਅਗਾਂਹ ਤੁਰਦੇ ਹਨ। ਹਰ ਮਨੁੱਖ ਸਮਾਜ ਦਾ ਅੰਗ ਹੈ। ਚੰਗਾ ਸਮਾਜ ਸਿਰਜਣ ਲਈ ਚੰਗੀ ਸੰਤਾਨ ਪੈਦਾ ਕਰਨੀ ਪੈਂਦੀ ਹੈ। ਸੰਤਾਨ ਵੀ ਮਨੁੱਖ ਦੀ ਫਸਲ ਹੁੰਦੀ ਹੈ, ਜਿਸ ਦੇ ਆਸਰੇ ਸਮਾਜ, ਪਰਿਵਾਰ ਅਤੇ ਰਿਸ਼ਤੇ ਜੁੜੇ ਹੁੰਦੇ ਹਨ। ਅਖੀਰ ਬੁਢਾਪਾ ਵੀ ਸੰਤਾਨ ਤੇ ਨਿਰਭਰ ਕਰਦਾ ਹੈ ।

ਅੱਜ ਅਸੀਂ ਸੰਤਾਨ ਦਾ ਬੀਜ ਬੀਜਣ ਲਈ ਬਿੱਲਕੁਲ ਅਵੇਸਲੇ ਹੋ ਚੁੱਕੇ ਹਾਂ। ਮਾਂ-ਬਾਪ ਖੁਦਗਰਜ਼ ਹੋ ਕੇ ਵਿਆਹੁਤਾ ਜਿੰਦਗੀ ਦੇ ਸਫਰ ਵਿੱਚੋਂ ਆਪਮੁਹਾਰੇ ਪੈਦਾ ਹੋਈ ਔਲਾਦ ਨੂੰ ਥੋਪਿਆ ਜਿਹਾ ਸਵੀਕਾਰਦੇ ਹਨ। ਮਨਸ਼ਾ ਸਿਰਫ ਬੱਚੇ ਨੂੰ ਜਨਮ ਦੇਣ ਤੱਕ ਰਹਿ ਜਾਂਦੀ ਹੈ। ਗੁਣਵਾਨ, ਵਿਕਾਰਾਂ ਤੋਂ ਰਹਿਤ, ਚੰਗੀ ਸੰਤਾਨ ਪੈਦਾ ਕਰਨ ਵੱਲ ਸਾਡਾ ਕੋਈ ਧਿਆਨ ਨਹੀਂ ਜਾਂਦਾ। ਸਾਡਾ ਮਨ ਭਟਕਦਾ, ਬੁਰੇ ਖਿਆਲਾਂ, ਬੁਰੀਆਂ ਕੁਰੀਤੀਆਂ ਵਿੱਚ ਗ੍ਰਸਤ ਹੋਣ ਨਾਲ ਵਿਕਾਰਾਂ ਦੀ ਭਰੀ ਸੰਤਾਨ ਪੈਦਾ ਕਰਦਾ ਹੈ। ਜਿਹੋ ਜਿਹੇ ਖਿਆਲਾਂ ਦਾ ਬੀਜ ਹੋਵੇਗਾ, ਉਸ ਤਰ੍ਹਾਂ ਦੇ ਵਿਕਾਰਾਂ ਨਾਲ ਗ੍ਰਸਤ ਬੱਚੇ ਦਾ ਸੁਭਾਅ ਹੋਵੇਗਾ।ਫਿਰ ਬੱਚਾ ਵੱਡਾ ਹੋ ਕੇ ਚੰਗੇ ਸਮਾਜ ਦਾ ਅੰਗ ਕਿਵੇਂ ਹੋ ਸਕਦਾ ਹੈ ਭਲਾ ?

ਚੋਰ, ਰੋਗੀ, ਨਾੱਸ਼ਈ, ਵਿਹਲੜ, ਮੰਗਤੇ, ਲਾਲਚੀ, ਠੱਗ ਸਭ ਬਿਨਾਂ ਸੋਚੇ ਸੰਤਾਨ ਪੈਦਾ ਕਰਦੇ ਹਨ ਤੇ ਸਮਾਜ ਵਿੱਚ ਬੁਰੇ ਨਾਗਰਿਕ ਪੈਦਾ ਹੁੰਦੇ ਪੀੜ੍ਹੀਆਂ ਤਕ ਨਰਕ ਹੰਢਾਉਂਦੇ ਤੇ ਦੂਸਰਿਆਂ ਨੂੰ ਵੀ ਨਿਰਾਸ਼ ਕਰਦੇ ਹਨ। ਨਤੀਜੇ ਵਜੋਂ ਗੰਧਲਾ ਸਮਾਜ, ਘਟੀਆ ਨਾਗਰਿਕ ਪੈਦਾ ਹੋਣ ਕਰ ਕੇ ਭੁਗਤ ਰਹੇ ਹਾਂ। ਮਾਂ ਗਰਭ ਵਿੱਚ ਪਲਦੇ ਬੱਚੇ ਲਈ ਬਿੱਲਕੁਲ ਅਵੇਸਲੀ ਨਾਟਕ, ਫਿਲਮਾਂ ਵੇਖਦੀ,



ਮਨ ਵਿੱਚ ਈਰਖਾ, ਸਾੜਾ ਰੱਖਦੀ, ਚੁਸਤੀਆਂ ਚਲਾਕੀਆਂ ਵਿੱਚ ਫਸੀ, ਧਾਰਮਿਕ ਖਿਆਲਾਂ ਤੋਂ ਪਰੇ, ਵਿਕਾਰਾਂ ਨਾਲ ਪਲ ਪਲ ਬੱਚੇ ਨੂੰ ਨੌ ਮਹੀਨੇ ਸਿੰਜਦੀ ਹੈ। ਫਿਰ ਮਾਂ ਦੀ ਸਿੰਜਾਈ ਮੁਤਾਬਿਕ ਬੱਚੇ ਵਿੱਚ ਵਿਕਾਰ ਆਪ ਮੁਹਾਰੇ ਪੈਦਾ ਹੋ ਜਾਣਗੇ। ਜਿਹੋ ਜਿਹੀ ਫਸਲ ਦੀ ਦੇਖਰੇਖ ਹੋਵੇਗੀ ਉਹੋ ਜਿਹਾ ਫਲ ਮਿਲੇਗਾ।

ਜਿਹੜੀਆਂ ਮਾਂਵਾਂ ਨੇ ਬੱਚਿਆਂ ਲਈ ਚੰਗੇ ਕਰਮ ਕੀਤੇ ਹਨ, ਚੰਗੇ ਵਿਚਾਰਾਂ ਅਤੇ ਪਿਆਰ ਵਾਲੀਆਂ ਹਨ, ਔਲਾਦ ਪ੍ਰਤੀ ਸੁਚੇਤ ਰਹੀਆਂ ਹਨ, ਉਹਨਾਂ ਮਾਂਵਾਂ ਨੇ ਯੋਧੇ, ਸੂਰਮੇ, ਭਗਤ, ਮਹਾਂਪੁਰਸ਼ ਪੈਦਾ ਕੀਤੇ ਹਨ, ਜਿਹਨਾਂ ਦੀ ਗਵਾਹੀ ਅੱਜ ਵੀ ਇਤਿਹਾਸ ਭਰਦਾ ਹੈ। ਬਾਬਾ ਸ਼ੇਖ ਫਰੀਦ ਜੀ ਦੇ ਮਾਤਾ ਜੀ, ਮਾਂ ਗੁਜਰੀ ਜੀ, ਭਗਤ ਪ੍ਰਹਲਾਦ ਦੇ ਮਾਤਾ ਜੀ, ਅਤੇ ਹੋਰ ਵੀ ਬਹੁਤ ਸਤਿਕਾਰਯੋਗ ਮਾਂਵਾਂ ਹੋਈਆਂ ਹਨ।

ਅੱਜ ਅਸੀਂ ਬਹੁਤ ਆਧੁਨਿਕ ਤੇ ਪੜ੍ਹੇ ਲਿਖੇ ਹਾਂ। ਸਾਰੀ ਦੁਨੀਆਂ ਸਾਡੀ ਮੁੱਠੀ ਵਿੱਚ ਕੈਦ ਹੈ। ਬਹੁਤ ਗਿਆਨਵਾਨ ਹੋ ਚੁੱਕੇ ਹਾਂ। ਰਹਿਣ ਸਹਿਣ ਹਾਈ ਸਟੈਡਰਡ ਹੋ ਚੁੱਕਾ ਹੈ, ਪਰ ਚੰਗੀ ਸੰਤਾਨ ਪੈਦਾ ਕਰਨ ਵਾਲੇ ਗੁਣ ਕਿਨ੍ਹੀਆਂ-ਕੁ ਮਾਵਾਂ ਕੋਲ ਹਨ ?

ਮੇਰੀ ਇਸਰਾਇਲ ਯਾਤਰਾ

(ਤਜਿੰਦਰ ਸਿੰਘ ਰੰਧਾਵਾ, ਬਰਤਾਨੀਆ ਤੋਂ)

ਤੇਲ-ਅਵੀਵ (Tel Aviv) ਏਅਰਪੋਰਟ ਤੇ ਮੈਂ ਆਲਾ ਦੁਆਲਾ ਦੇਖ ਕਿ ਬਹੁਤ ਹੈਰਾਨ ਸੀ। ਸਬ ਕੁਛ ਨਵਾਂ ਸੀ, ਸੜਕਾਂ, ਬੋਰਡ, ਡ੍ਰਾਈਵਿੰਗ ਰੂਲਜ਼, ਸਬ ਕੁਝ ਪੱਛਮੀ ਦੇਸਾਂ ਵਾਂਗ ਹੀ ਸੀ । ਔਰਤਾਂ ਦਾ ਘਰ ਵਿਚ ਰਹਿਣਾ, ਗੱਡੀ ਨਾ ਚਲਾਉਣਾ, ਪਰਦਾ ਆਦਿ ਸ਼ਾਇਦ ਉਹ ਗਲਤ ਸਾਬਤ ਹੋ ਰਿਹਾ ਸੀ । ਇਹ ਦੇਸ ਅਰਬ ਇਲਾਕੇ ਵਿਚ ਹੁੰਦੇ ਹੋਏ ਵੀ ਪਛਮੀ ਦੇਸ ਵਾਂਗ ਸੀ ।

ਇਸਰਾਇਲ ਨੇ ਪਿੱਛਲੇ 70-75 ਸਾਲਾਂ ਦੌਰਾਨ ਕਾਫੀ ਤਰੱਕੀ ਕੀਤੀ ਹੈ। ਹੋਟਲ ਸਮੁੰਦਰੀ ਕੰਡੇ ਤੇ ਸੀ। ਸ਼ਾਇਦ ਇਸ ਤੋ ਵਧ ਖੂਬਸੂਰਤ ਸਮੁੰਦਰੀ ਤੱਟ ਮੈਂ ਪਹਿਲਾਂ ਕਦੀ ਨਹੀਂ ਸੀ ਦੇਖਿਆ। ਹਰ ਇਕ ਦੇਸ ਦੇ ਲੋਕ ਓਥੇ ਘੁੰਮਣ ਫਿਰਨ ਆਏ ਸੀ। ਇਹ ਸਭ ਇਕ ਮੇਲੇ ਵਾਂਗ ਸੀ । ਆਉਟਡੋਰ ਸਵੀਮਿੰਗ ਪੂਲ, ਰੈਸਟੂਰੈਂਟ ਤੇ ਜਿਮਨੇਜਿਮ ਪੂਰੇ ਭਰੇ ਹੋਏ ਸਨ ।

ਸਵੇਰੇ ਖਿੜਕੀ ਤੋਂ ਇਕ ਅਲੱਗ ਹੀ ਨਜ਼ਾਰਾ ਦੇਖਣ ਨੂੰ ਮਿਲਿਆ। ਸਮੁੰਦਰ ਦੀ ਖੂਬਸੂਰਤੀ ਖਿੜਕੀ ਤੋ ਪਹਿਲੀ ਵਾਰ ਦੇਖੀ ਸੀ। ਨਾਸ਼ਤੇ ਵਿਚ ਹਰ ਤਰਾਂ ਦੇ ਪਕਵਾਨ ਤੇ ਪਨੀਰ ਦੀਆ ਬਹੁਤ ਸਾਰੀਆਂ ਕਿਸਮਾਂ ਸਨ। ਇਸਰਾਈਲੀ ਇਹ ਵੀ ਦੱਸਦੇ ਨੇ ਕਿ ਉਹ ਲੋਕ ਪਨੀਰ ਨਾਲ ਮੀਟ ਨਹੀਂ ਖਾਂਦੇ। ਅਸੀਂ ਬਹੁਤ ਗਿਣਤੀ ਵਿਚ ਕੈਨੇਡੀਅਨ, ਅਮਰੀਕੀਨ ਤੇ ਆਸਟ੍ਰੇਲੀਅਨ ਲੋਕਾਂ ਨੂੰ ਬੱਸ ਵਿਚ ਸਫਰ ਕਰਦੇ ਦੇਖਿਆ ।

ਇਸਰਾਇਲ ਵਿਚ ਹਰ ਵਿਅਕਤੀ ਨੂੰ ਫੌਜ ਦੀ ਨੌਕਰੀ ਕਰਨੀ ਬਹੁਤ ਜਰੂਰੀ ਹੈ। ਕੁੜੀਆਂ ਨੂੰ ਘੱਟੋ ਘੱਟ 18 ਮਹੀਨੇ ਤੇ ਮੁੰਡਿਆਂ ਨੂੰ 27 ਮਹੀਨੇ ਲਈ। ਉਸ ਤੋ ਬਾਦ ਫੌਜ ਦੀ ਨੌਕਰੀ ਕਰਨੀ ਜਾ ਨਹੀ ਕਰਨੀ ਓਹਨਾ ਦੀ ਆਪਣੀ ਮਰਜ਼ੀ ਹੈ । ਪਰ ਇਹ ਸਿਰਫ ਜਰੂਰੀ ਸੇਵਾਵਾਂ ਲਈ ਹੀ ਹੁੰਦੀ ਹੈ। ਅੱਜ ਤੋ ਕੁੱਛ ਸਾਲ ਪਹਿਲਾ ਯੂ ਕੇ, ਜਰਮਨੀ ਵਰਗੇ ਦੇਸ਼ਾ ਵਿਚ ਵੀ ਇਹ ਸੇਵਾ ਜਰੂਰੀ ਹੁੰਦੀ ਸੀ। ਪਰ ਬਾਦ ਵਿੱਚ ਕੁੱਛ ਕਾਰਨਾ ਕਰਕੇ ਉਹ ਬੰਦ ਕਰਨੀ ਪੈ ਗਈ ।



ਹਰ ਰੋਜ ਕੁਛ ਨਵਾਂ ਸਿੱਖਣ ਨੂੰ ਮਿਲ ਰਿਹਾ ਸੀ। ਹਰ ਰੋਜ ਕਰੀਬ ਪੰਜ-ਕੁ ਵਾਜੇ ਅਸੀਂ ਵਾਪਿਸ ਹੋਟਲ ਨੂੰ ਚੱਲ ਪੈਦੇਂ ਸੀ ਪਰ ਟ੍ਰੈਫਿਕ ਕਾਫੀ ਹੋਣ ਕਰਕੇ ਡੇਢ-ਦੋ ਘੰਟੇ ਰਸਤੇ ਵਿਚ ਲੱਗ ਜਾਂਦੇ ਸਨ। ਸ਼ਾਮ ਨੂੰ ਫਿਰ ਓਵੇ ਹੀ ਸਮੁੰਦਰੀ ਕੰਡੇ ਤੇ ਘੁੰਮਣਾ ਤੇ ਰਾਤ ਦੀ ਰੋਟੀ। ਮੇਰੇ ਦਸਾਂ ਦਿਨਾਂ ਦੌਰਾਨ ਕੁੱਛ ਧਾਰਮਿਕ ਪੱਖ ਵੀ ਦੇਖਣ ਨੂੰ ਮਿਲਿਆ। ਮੈਨੂੰ ਮੇਰੇ ਧਰਮ ਤੇ ਕੁੱਛ ਸਵਾਲ ਪੁੱਛੇ ਗਏ ਤੇ ਕੁੱਛ ਸਵਾਲ ਮੈਂ ਓਹਨਾ ਦੇ ਧਰਮ ਤੇ ਸਮਾਜ ਤੇ ਕੀਤੇ। ਇਹ ਇੱਕ ਯਹੂਦੀ ਦੇਸ਼ ਹੈ। ਇਸ ਧਰਮ ਵਿਚ ਆਦਮੀਆਂ ਨੂੰ ਸਿਰ ਤੇ ਟੋਪੀ ਜਿਸਨੂ ਕਿ "ਕਿਪਹ" (Kippah) ਕਹਿੰਦੇ ਹਨ ਤੇ ਔਰਤਾ ਨੂੰ ਗੋਡਿਆਂ ਤੋਂ ਲੰਬੇ ਕੱਪੜੇ ਤੇ ਵਾਲਾਂ ਨੂੰ ਕੱਪੜੇ ਨਾਲ ਪੱਗ ਵਾਂਗ ਲਪੇਟ ਕੇ ਰੱਖਣਾ ਪੈਂਦਾ ਹੈ। ਇਥੇ ਸ਼ੁੱਕਰਵਾਰ ਤੇ ਸ਼ਨੀਵਾਰ ਨੂੰ ਛੁੱਟੀ ਹੁੰਦੀ ਹੈ ਤੇ ਐਤਵਾਰ ਦਾ ਦਿਨ ਆਮ ਹਫਤੇ ਵਾਂਗ ਹੀ ਹੁੰਦਾ ਹੈ।

ਸ਼ੁੱਕਰਵਾਰ ਸ਼ਾਮ ਨੂੰ ਸੂਰਜ ਟੱਲਣ ਬਾਦ ਤੋਂ ਲੈ ਕੇ ਸ਼ਨੀਵਾਰ ਸ਼ਾਮ ਤੱਕ 'ਸੱਬਾਥ' (Sabbath) ਹੁੰਦਾ ਹੈ ਜੋ ਕਿ ਯਹੂਦੀ ਲੋਕਾਂ ਦਾ ਆਰਾਮ ਕਰਨ ਦਾ ਦਿਨ ਹੁੰਦਾ ਹੈ। ਉਹ ਇਸ ਦਿਨ ਕੋਈ ਕੰਮ ਕਾਰ ਨਹੀ ਕਰਦੇ, ਰੋਟੀ ਨਹੀਂ ਬਣਾਉਂਦੇ, ਕੋਈ ਵੀ ਇਲੈਕਟ੍ਰਾਨਿਕ ਚੀਜ ਜਾ ਕਾਰ ਨਹੀਂ ਚਲੌਂਦੇ, ਸਿਰਫ ਆਪਣੇ ਰੱਬ ਦੀ ਇਬਾਦਤ ਕਰਦੇ ਹਨ ।

ਹੁਣ ਕੁਛ ਥੋੜੇ ਲੋਕਾਂ ਨੇ ਬਾਹਰੋਂ ਆ ਕੇ ਆਪਣੇ ਕੰਮ ਕਰ ਸੁਰੂ ਕੀਤੇ ਹਨ ਨਹੀਂ ਤਾ ਪਹਿਲਾ ਇਸਰਾਇਲ ਦੋ ਦਿਨ ਬਿਲਕੁਲ ਬੰਦ ਹੁੰਦਾ ਸੀ ।

ਸ਼ਾਇਦ ਉਨਾਂ ਦੇ ਦਿਮਾਗ ਵਿਚ ਬਹੁਤ ਸਵਾਲ ਸਨ। ਸ਼ਾਇਦ ਉਹ ਮੈਨੂੰ ਮੁਸਲਿਮ ਸਮਝ ਰਹੇ ਸਨ। ਪਰ ਇਸ ਗੱਲ ਨੇ ਮੈਨੂੰ ਬਹੁਤ ਹੈਰਾਨ ਕੀਤਾ। ਸ਼ਾਇਦ ਉਹ ਆਪਣਾ ਇਤਿਹਾਸ ਭੁੱਲ ਰਹੇ ਸਨ, ਬਿਲਕੁੱਲ ਸਾਡੇ ਵਾਂਗ। ਕਿਉਂ ਕਿ ਅੱਜ ਤੋ ਲਗਭਗ 100 ਸਾਲ ਪਹਿਲਾਂ, ਪਹਿਲੀ ਸੰਸਾਰ ਜੰਗ ਦੌਰਾਨ, ਇਕ ਬਹੁਤ ਹੀ ਮਹੱਤਵਪੂਰਨ ਲੜਾਈ "ਹਾਇਫਾ" ਵਿਚ ਸਿੱਖ (ਬਰਤਾਨੀਆ ਇੰਡੀਆ ਫੋਜ) ਇਸਰਾਏਲੀਆਂ ਲਈ ਲੜੇ ਸਨ। ਇਸ ਵਿਚ 95000 ਸਿੱਖ ਮੈਦਾਨ ਵਿਚ ਉੱਤਰੇ ਸਨ ਤੇ ਲਗਭਗ 8000 ਸ਼ਹੀਦ ਹੋਏ ਸਨ। ਸਨ 2018 ਵਿਚ ਏਸ ਦੇਸ ਨੇ "ਹਾਇਫਾ-ਦੀ-ਲੜਾਈ" ਬਾਰੇ ਡਾਕਘਰ ਦੀਆ ਟਿਕਟਾਂ ਵੀ ਜਾਰੀ ਕੀਤੀਆਂ ਸਨ। ਜਿਸ ਵਿਚ ਸਿੱਖ ਸਿਪਾਹੀਆਂ ਦੀਆ ਫੋਟੋਆਂ ਵੀ ਹਨ। ਹੋਰ ਤੇ ਹੋਰ, ਐਫ਼ਾ ਗੇਟ (Haifa Gate) ਜੇਰੂਸਲੇਮ ਵਿਚ ਇੱਕ ਯਾਦਗਾਰ (1917) ਵੀ ਬਣਾਈ ਗਈ ਹੈ ।

ਉਨਾਂ ਦੀਆ ਕੁੜੀਆਂ ਤੇ ਮੁੰਡੇ ਬਹੁਤ ਹੀ ਹੁਸ਼ਿਆਰ ਤੇ ਤੰਦਰੁਸਤ ਦੇਖੇ। ਸ਼ਾਇਦ ਸਾਡਿਆਂ ਬੱਚਿਆਂ ਤੋਂ ਕਈ ਗੁਣਾ ਚੰਗੇ ਜੋ ਗਾਣਿਆਂ ਤੇ ਨੱਚਣ ਟੱਪਣ ਨੂੰ ਹੀ ਆਪਣਾ ਮਾਨ ਸਨਮਾਨ ਸਮਝੀ ਬੈਠੇ ਹਨ। ਸ਼ਾਇਦ ਇਹ ਵੀ ਇਕ ਸਾਡੇ ਪੰਜਾਬੀ ਸੱਭਿਆਚਾਰ ਦਾ ਹਿੱਸਾ ਹੈ। ਪਰ ਇਹ ਲੋਕ ਬਹੁਤ ਜਾਣਕਾਰ, ਫੁਰਤੀਲੇ, ਸਿਆਣੇ ਤੇ ਤਾਕਤਵਰ ਸਨ ਸ਼ਾਇਦ ਸਾਡੇ 18-20 ਸਾਲ ਦੇ ਮੁੰਡੇ ਕੁੜੀਆਂ ਇਹਨਾਂ ਦੀ ਰੀਸ ਨਹੀਂ ਕਰ ਸਕਦੇ। ਪਰ ਆਪਣਾ ਇਤਿਹਾਸ ਅਸੀਂ ਜਰੂਰ ਭੁੱਲ ਚੁੱਕੇ ਹਾ। ਕੋਈ ਸਮਾਂ ਸੀ ਸਾਡੇ ਬਜ਼ੁਰਗ ਦੇ ਕਛਹਿਰੇ ਨੂੰ ਸੁੱਕਣੇ ਪਾਏ ਵੇਖ ਦੁਸ਼ਮਣ ਕਾਬੁਲ ਵੱਲ ਨੂੰ ਮੂੰਹ ਨਹੀਂ ਸੀ ਕਰਦਾ। ਦਰਬਾਰ ਲਾਹੌਰ ਦਾ ਹੁੰਦਾ ਸੀ, ਦਿੱਲੀ ਦਾ ਜਾ ਫਿਰ ਲੰਡਨ ਦਾ, ਸਰਕਾਰਾਂ ਨੂੰ ਸਾਡੇ ਤੋਂ ਵਖ਼ਤ ਪਿਆ ਹੁੰਦਾ ਸੀ ।

ਪੰਜਾਬੀ ਬਹਾਦੁਰ ਤੇ ਲੜਾਕੂ ਹੀ ਨਹੀਂ, ਅਸੀਂ ਬਹੁਤ ਵਡੇ ਈਮਾਰਤਕਾਰ ਵੀ ਸੀ। ਸਰਦਾਰ ਰਾਮ ਸਿੰਘ ਜਿਨ੍ਹਾਂ ਨੇ 1890 ਵਿਚ ਰਾਣੀ ਵਿਕਟੋਰੀਆ ਲਈ ਓਸਬੋਰਨ ਹਾਊਸ (Osborne House) ਵਿਚ ਦਰਬਾਰ ਰੂਮ, ਜੋ ਕਿ ਬੈਂਕੁਇੰਗ ਹਾਲ (Banqueting Hall) ਦ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਤਿਆਰ ਕੀਤਾ ਸੀ। ਇਹ ਓਹੀ ਸਰਦਾਰ ਰਾਮ ਸਿੰਘ ਜੀ ਨੇ ਜਿੰਨਾ ਨੇ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ, ਦੀ ਈਮਾਰਤਕਾਰੀ ਕੀਤੀ ਸੀ । ਆਪਣੇ ਆਪਣੇ ਕੰਮਾਂ ਨਾਲ ਮਤਲੱਬ ਅਸੀਂ ਕਦੀ ਨਹੀਂ ਸੀ ਰੱਖਿਆ। ਪਰ ਅੱਜ ਸ਼ਾਇਦ ਹਰ ਇਕ ਨੂੰ ਆਪੋ ਆਪਣੀ ਜਗਾ ਚਾਹੀਦੀ ਹੈ ।

ਇਹ ਇੱਕ ਚੰਗਾ ਦੇਸ ਹੈ ਜਿਥੇ ਲੋਕਾਂ ਨੇ ਆਪਣੀ ਸਭਿਅਤਾ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਨਾਲ ਹੀ ਆਪਣੇ ਆਪ ਨੂੰ ਮਜ਼ਬੂਤ ਤੇ ਸਮਝਦਾਰ ਵੀ ਕਰ ਲਿਆ ਹੈ। ਸੰਸਾਰ ਭਰ ਵਿਚਾਂ ਇਨ੍ਹਾਂ ਲੋਕਾਂ ਦੀ ਗਿਣਤੀ ਬਹੁਤ ਘਟ (0.02%) ਹੈ। ਪਰ ਹੁਣ ਤਕ ਦੇ 930 ਨੋਬੈਲੱ ਇਨਾਮਾਂ ਵਿਚੋਂ 212 ਇਨਾਮ (22% ਤੋਂ ਵਧ) ਇਨ੍ਹਾਂ ਨੇ ਜਿੱਤੇ ਹਨ। ਕਹਿੰਦੇ ਨੇ ਕਿ ਨੌਜਵਾਨਾਂ ਦੇ ਕੰਮਾਂ ਅਤੇ ਉਨ੍ਹਾਂ ਦੀਆਂ ਸ਼ਕਲਾਂ ਤੋਂ ਦੇਸ ਦੇ ਭਵਿੱਖ ਦਾ ਪਤਾ ਲੱਗ ਜਾਂਦਾ ਹੈ। ਇਸਰਾਇਲ ਯਾਤਰਾ ਤੋਂ ਇਹੀ ਸੱਚ ਸਾਹਮਣੇ ਆਇਆ ਜਿਸ ਤੋਂ ਸਾਨੂੰ ਸਿੱਖਣਾ ਚਾਹੀਦਾ ਹੈ।



ਈ ਦੀਵਾਨ ਸੁਸਾਇਟੀ(ਕੈਲਗਰੀ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਦਿਹਾੜੇ ਨੂੰ ਸਮਰਪਿਤ

ਕੌਮਾਂਤਰੀ ਕਵੀ ਦਰਬਾਰ (ਭਾਗ ੧)



ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ



ਗੁਰਦੀਸ਼ ਕੌਰ ਕੈਲਗਰੀ
ਹੋਸਟ



ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ

ਪਹੁੰਚ ਰਹੇ ਕਵੀ ਸਹਿਬਾਨ



ਦਲਬੀਰ ਸਿੰਘ ਰਿਆੜ
ਜਲੰਧਰ



ਬੀਬੀ ਸੁਰਜੀਤ ਕੌਰ
ਸੈਕਰਾਮੈਂਟੋ



ਅਮਨਬੀਰ ਸਿੰਘ ਧਾਮੀ
ਸਾਊਥ ਕੋਰੀਆ



ਹਰਮੀਤ ਕੌਰ ਮੀਤ
ਗੁਰਦਾਸਪੁਰ



ਪਰਮਜੀਤ ਸਿੰਘ
ਟੋਰੰਟੋ



ਮਨਜੀਤ ਕੌਰ ਪੱਡਾ
ਯੂ ਕੇ



ਅਮਰਜੀਤ ਸਿੰਘ
ਸ਼ੇਰਪੁਰੀ
ਲੁਧਿਆਣਾ



ਸੁੰਦਰਪਾਲ ਕੌਰ
ਰਾਜਾਸਾਂਸੀ
ਟੋਰੰਟੋ



ਕਰਮਜੀਤ ਸਿੰਘ
ਗਰੇਵਾਲ
ਲੁਧਿਆਣਾ



ਡਾ.ਕਲਿਆਣ ਸਿੰਘ
ਕਲਿਆਣ
ਲਾਹੌਰ

ਮਿਤੀ 12 ਨਵੰਬਰ ਸ਼ਨੀਵਾਰ

ਜ਼ੂਮ I D 98294816545

ਕੈਲਗਰੀ	9 AM	ਸਮਾਂ :	ਕੋਰੀਆ	1 A M
ਇੰਡੀਆ	9:30 PM		ਲਹਿੰਦਾ ਪੰਜਾਬ	9 PM
ਟੋਰੰਟੋ	11 AM	ਯੂ ਕੇ 4 p m	ਯੂ ਐਸ ਏ	8 AM

ਈ-ਦੀਵਾਨ ਸੁਸਾਇਟੀ ਕੈਲਗਰੀ ਵਲੋਂ ਗੁਰਪੁਰਬ ਨੂੰ ਸਮਰਪਿਤ
ਕੌਮਾਂਤਰੀ ਕਵੀ ਦਰਬਾਰ ਦਾ ਪ੍ਰੈਸ ਨੋਟ
ਗੁਰਦੀਸ਼ ਕੌਰ ਗਰੇਵਾਲ (403 404 1450)

ਇਸ ਸੋਸਾਇਟੀ ਵਲੋਂ, 12 ਤੇ 13 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਆਗਮਨ ਪੁਰਬ ਨੂੰ ਸਮਰਪਿਤ, ਔਨਲਾਈਨ ਕਵੀ ਦਰਬਾਰ ਕਰਾਏ ਗਏ ਗਏ। ਇਹ ਸੰਸਥਾ ਦਸ਼ਮੇਸ਼ ਪਿਤਾ ਦੀ ਪਰੰਪਰਾ ਨੂੰ ਅੱਗੇ ਤੋਰਨ ਵਿੱਚ ਯੋਗਦਾਨ ਪਾ ਰਹੀ ਹੈ। ਪਹਿਲੇ ਦਿਨ ਸੰਸਥਾ ਦੇ ਸੰਸਥਾਪਕ ਜਗਬੀਰ ਸਿੰਘ ਜੀ ਅਤੇ ਗੁਰਦੀਸ਼ ਕੌਰ ਗਰੇਵਾਲ ਨੇ, ਮੰਚ ਸੰਚਾਲਨ ਕੀਤਾ। ਜਗਬੀਰ ਸਿੰਘ ਜੀ ਨੇ ਸੰਗਤ ਨੂੰ ਸਭਾ ਬਾਰੇ ਜਾਣਕਾਰੀ ਦਿੱਤੀ ਅਤੇ ਕਵੀ ਸਾਹਿਬਾਨ ਨੂੰ 'ਜੀ ਆਇਆਂ' ਕਿਹਾ। ਗੁਰਦੀਸ਼ ਕੌਰ ਗਰੇਵਾਲ ਨੇ ਕਵੀ ਸਾਹਿਬਾਨ ਦੀ ਜਾਣ ਪਛਾਣ ਕਰਾਈ ਤੇ ਵਾਰੀ ਵਾਰੀ ਸਭ ਨੂੰ ਸੱਦਾ ਦਿੱਤਾ।

ਸ਼ੁਰੂ ਵਿੱਚ- ਲੁਧਿਆਣਾ ਤੋਂ ਨਾਮਵਰ ਗੀਤਕਾਰ ਤੇ ਗਾਇਕ, ਕਰਮਜੀਤ ਸਿੰਘ ਗਰੇਵਾਲ ਨੇ ਬਾਬੇ ਨਾਨਕ ਦੇ ਫਲਸਫੇ ਤੇ ਆਪਣਾ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਗੁਰਦਾਸਪੁਰ ਤੋਂ ਆਈ ਅਧਿਆਪਕ ਸ਼ਾਇਰਾ, ਹਰਮੀਤ ਕੌਰ ਮੀਤ ਅਤੇ ਲੁਧਿਆਣਾ ਤੋਂ ਨਾਮਵਰ ਸ਼ਾਇਰ ਅਮਰਜੀਤ ਸਿੰਘ ਸ਼ੇਰਪੁਰੀ ਨੇ ਵੀ ਗੀਤ ਸੁਰੀਲੀ ਆਵਾਜ਼ ਵਿੱਚ ਸੁਣਾ ਕੇ ਮਹੌਲ ਸੁਰਮਈ ਬਣਾ ਦਿਤਾ। ਜਲੰਧਰ ਤੋਂ ਪੰਥਕ ਸ਼ਾਇਰ ਤੇ ਪ੍ਰਚਾਰਕ, ਦਲਬੀਰ ਸਿੰਘ ਰਿਆੜ ਨੇ ਆਪਣੀ ਬੈਂਤ ਛੰਦ 'ਚ ਲਿਖੀ ਕਵਿਤਾ ਸਾਂਝੀ ਕੀਤੀ। ਇੰਗਲੈਂਡ ਤੋਂ ਸ਼ਾਇਰਾ ਮਨਜੀਤ ਕੌਰ ਪੱਡਾ ਨੇ ਅਜੋਕੇ ਹਾਲਾਤ ਤੇ ਦੋ ਰਚਨਾਵਾਂ ਨਾਲ ਸਾਂਝ ਪਾਈ। ਦੁਨੀਆਂ ਦੀ ਪਹਿਲੀ ਔਰਤ ਹੈੱਡ ਗਰੰਥੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਰੁਬਾਈਆਂ ਗਾਉਣ ਉਪਰੰਤ, ਬਾਬੇ ਨਾਨਕ ਦੇ ਜਨਮ ਸਮੇਂ ਦਾ ਦ੍ਰਿਸ਼ ਵਰਨਣ ਕਰਦੀ ਕਵਿਤਾ ਸੁਣਾਈ। ਟੋਰੰਟੋ ਤੋਂ ਪਰਮੀਤ ਸਿੰਘ ਨੇ ਆਪਣੀਆਂ ਬੇਟੀਆਂ ਨਾਲ, ਗੁਰਦੀਸ਼ ਕੌਰ ਦਾ ਲਿਖਿਆ ਗੀਤ 'ਛੇੜ ਮਰਦਾਨਿਆਂ ਰਬਾਬ' ਗਾ ਕੇ ਮਹੌਲ ਸੰਗੀਤਮਈ ਬਣਾ ਦਿੱਤਾ। ਟੋਰੰਟੋ ਤੋਂ ਹੀ ਨਾਮਵਰ ਸ਼ਾਇਰਾ ਸੁੰਦਰਪਾਲ ਕੌਰ ਰਾਜਾਸਾਂਸੀ ਨੇ ਆਪਣੀ ਕਬਿੱਤ ਛੰਦ 'ਚ ਲਿਖੀ ਕਵਿਤਾ ਨੂੰ ਤਰੰਨੁਮ ਵਿੱਚ ਸੁਣਾਈ । ਹੋਸਟ ਗੁਰਦੀਸ਼ ਕੌਰ ਨੇ ਵੀ, ਕਬਿੱਤ ਛੰਦ 'ਚ ਆਪਣੀ ਕਵਿਤਾ- 'ਸਤਿਗੁਰ ਨਾਨਕ ਪ੍ਰਗਟਿਆ' ਸੰਗਤ ਨਾਲ ਸਾਂਝੀ ਕੀਤੀ।

13 ਨਵੰਬਰ ਨੂੰ ਮੰਚ ਸੰਚਾਲਨ ਦੀ ਸੇਵਾ ਗੁਰਦੀਸ਼ ਕੌਰ, ਕਰਮਜੀਤ ਸਿੰਘ ਨੂਰ ਤੇ ਜਗਬੀਰ ਸਿੰਘ ਨੇ ਰਲ਼ ਕੇ ਨਿਭਾਈ। ਟੋਰੰਟੋ ਤੋਂ ਅਮਿਤੋਜ਼ ਕੌਰ ਤੇ ਅਨੁਰੀਤ ਕੌਰ ਨੇ ਇਕ ਸ਼ਬਦ ਗਾਇਨ ਕੀਤਾ। ਉਪਰੰਤ ਇੰਡੀਆ ਅਤੇ ਕੈਨੇਡਾ ਤੋਂ ਕਵੀ ਕਵਿੱਤਰੀਆਂ ਨੇ ਗੁਰੂ ਨਾਨਕ ਦੇ ਜੀਵਨ ਅਤੇ ਸਿਖਿਆਵਾਂ ਬਾਰੇ ਆਪਣੀਆਂ ਬਾਕਮਾਲ ਕਵਿਤਾਵਾਂ ਤੇ ਗੀਤਾਂ ਰਾਹੀਂ, ਇਸ ਕਵੀ ਦਰਬਾਰ ਦੀ ਸ਼ੋਭਾ ਵਧਾਈ। ਇਸ ਵਿੱਚ ਨਾਮਵਰ ਪੰਥਕ ਸ਼ਾਇਰ- ਇੰਜ. ਕਰਮਜੀਤ ਸਿੰਘ ਨੂਰ, ਕੁਲਵੰਤ ਸਿੰਘ ਰਫੀਕ, ਗੁਰਸ਼ਰਨ ਸਿੰਘ ਪਰਵਾਨਾ ਸ਼ਾਹਬਾਦ ਮਾਰਕੰਡਾ, ਪਰਮਜੀਤ ਕੌਰ ਮਹਿਕ ਲੁਧਿਆਣਾ, ਸਰਬਜੀਤ ਕੌਰ ਸਰਬ ਉਤਰਾਖੰਡ, ਬ੍ਰਿਜਮਿੰਦਰ ਕੌਰ ਜੈਪੁਰ, ਸੁਜਾਨ ਸਿੰਘ ਸੁਜਾਨ ਟੋਰੰਟੋ, ਡਾ. ਬਲਦੇਵ ਸਿੰਘ ਐਡਮੰਟਨ, ਜਸਵੀਰ ਕੌਰ ਗਿੱਲ ਕੈਲਗਰੀ, ਅਤੇ ਨਵੀਂ ਪੀੜ੍ਹੀ ਦੀਆਂ ਬੱਚੀਆਂ, ਅਮਿਤੋਜ਼ ਕੌਰ, ਅਨੁਰੀਤ ਕੌਰ, ਪਰਨੀਤ ਕੌਰ, ਸਿਮਰਲੀਨ ਕੌਰ, ਗੁਰਨੂਰ ਕੌਰ, ਬਿਸਾਜਨੂਰ ਕੌਰ ਅਤੇ ਮਨਰੀਤ ਕੌਰ ਨੇ ਵੀ ਹਾਜ਼ਰੀ ਲਵਾਈ। ਡਾ. ਹਰੀ ਸਿੰਘ ਜਾਚਕ ਹਾਜ਼ਰ ਨਹੀਂ ਹੋ ਸਕੇ। ਦੋਵੇਂ ਦਿਨ, ਸੰਗਤ ਨੇ ਜੈਕਾਰਿਆਂ ਰਾਹੀਂ ਇਸ ਕਵੀ ਦਰਬਾਰ ਨੂੰ ਭਰਪੂਰ ਹੁੰਗਾਰਾ ਦਿੱਤਾ। ਡਾ. ਬਲਰਾਜ ਸਿੰਘ (403 978 2419) ਅਤੇ ਜਗਬੀਰ ਸਿੰਘ (587 718 8100) ਨੇ ਸਮੂਹ ਕਵੀ ਸਾਹਿਬਾਨ ਦਾ ਸੰਗਤ ਵਲੋਂ ਧੰਨਵਾਦ ਕੀਤਾ ਅਤੇ ਇਸ ਸੰਸਥਾ ਵਲੋਂ ਸ਼ੁਰੂ ਕੀਤੇ ਔਨਲਾਈਨ ਮਹੀਨਾਵਾਰ ਮੈਗਜ਼ੀਨ 'ਸਾਂਝੀ ਵਿਰਾਸਤ' ਦੀ ਜਾਣਕਾਰੀ ਦਿੰਦਿਆਂ ਹੋਇਆਂ, ਸਾਰੇ ਕਵੀਆਂ ਨੂੰ ਆਪਣੀਆਂ ਰਚਨਾਵਾਂ ਲਿਖਤੀ ਰੂਪ ਵਿੱਚ, ਇਸ ਮੈਗਜ਼ੀਨ ਲਈ ਭੇਜਣ ਦੀ ਬੇਨਤੀ ਕੀਤੀ।ਆਨੰਦ ਸਾਹਿਬ ਦੇ ਪਾਠ ਅਤੇ ਅਰਦਾਸ ਨਾਲ ਦੋਵੇਂ ਦਿਨ ਸਮਾਗਮ ਦੀ ਸਮਾਪਤੀ ਹੋਈ।

ਇਸ ਮਹੀਨੇ ਦੇ ਲੇਖਕਾਂ ਬਾਰੇ ਜਾਣਕਾਰੀ

ਡਾ: ਤਰਲੋਕ ਸਿੰਘ ਸਹੋਤਾ ਲੇਕਹੈੱਡ ਯੂਨੀਵਰਸਿਟੀ ਐਗਰੀਕਲਚਰਲ ਰਿਸਰਚ ਸਟੇਸ਼ਨ, ਥੰਡਰ ਬੇ, ਓਨਟਾਰੀਓ (ਕੈਨੇਡਾ) ਡਾਇਰੈਕਟਰ (ਅਤੇ 2004 ਤੋਂ ਮੁਖੀ) ਹਨ। ਉਨ੍ਹਾਂ ਦੀ ਖੋਜ ਤੋਂ ਕਿਸਾਨਾ ਨੇ ਵਿਭਿੰਨ ਪੌਸ਼ਟਿਕ ਫਸਲਾਂ ਦੀਆਂ ਕਿਸਮਾਂ ਅਤੇ ਨਵੀਂ ਚਾਰੇ ਵਾਲੀ ਫਸਲਾਂ ਨੂੰ ਅਪਾਂਣਾਇਆ ਹੈ, ਜੋ ਕਿ ਉਪਜ ਅਤੇ ਗੁਣਵੱਤਾ ਵਿੱਚ ਬਿਹਤਰ ਹਨ। ਨੀਦਰਲੈਂਡਜ਼ ਯੂ.ਐੱਸ.ਏ. ਨਾਈਜੀਰੀਆ ਅਤੇ ਹੋਰ ਕਈ ਮੁਲਕਾਂ ਦੀਆਂ ਸੰਸਥਾਵਾਂ ਵਿੱਚ ਵਿੱਚ ਖੋਜ ਅਤੇ ਵਿਕਾਸ ਵਿੱਚ 40 ਸਾਲਾਂ ਤੋਂ ਵੱਧ ਦਾ ਤਜਰਬਾ ਹੈ। ਕੈਨੇਡੀਅਨ ਸੋਸਾਇਟੀ ਆਫ਼ ਐਗਰੋਨੋਮੀ, ਪਲਾਂਟ ਕੈਨੇਡਾ, ਅਮਰੀਕਨ ਸੋਸਾਇਟੀ ਆਫ਼ ਐਗਰੋਨੋਮੀ ਵਿਖੇ ਲਗਭਗ 100 ਪੇਪਰ ਪੜ੍ਹੇ ਅਤੇ 650 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ।CCA ਫੈਲੋਸ਼ਿਪ (2018) ਅਤੇ **Distinguished Agronomist Award (2021),** ਅਵਾਰਡ ਆਫ਼ ਐਕਸੀਲੈਂਸ (2017), **RBC Innovation Award (2015)** ਅਤੇ **PAU Award of Honour (2015)** ਮਿਲੇ। ਉਹ ਲੇਕਹੈੱਡ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਹਨ ਅਤੇ **Thunder Bay Multifaith Committee** 'ਤੇ ਸਿੱਖ ਧਰਮ ਦੀ ਨੁਮਾਇੰਦਗੀ ਕਰਦੇ ਹਨ। ਈਮੇਲ: tssahota@lakeheadu.ca, &on: +1 (807) 475-8404.

ਡਾ. ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਵਿਭਾਗ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜ ਦੇ ਡੀਨ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ।

ਡਾ. ਬਲਦੇਵ ਸਿੰਘ, ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮੇਂ ਲਈ ਪ੍ਰੋਫੈਸਰ ਵਜੋਂ ਕੰਮ ਕੀਤਾ (ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿੱਚ)। ਉਨ੍ਹਾਂ ਨੇ ਪੀ.ਐਚ.ਡੀ. ਲਈ ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਨ੍ਹਾਂ ਨੇ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਸਲਾਹਕਾਰ ਕੰਪਨੀਆਂ ਨਾਲ ਕੰਮ ਕੀਤਾ ਸੀ।

ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਲੇਖ ਅਤੇ ਕਵਿਤਾਵਾਂ ਲਿਖਦੇ ਹਨ, ਜੋ ਦੁਨੀਆਂ ਭਰ ਵਿੱਚ ਛਪਦੇ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੀ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।(E-mail : gurdish.grewal@gmail.com)

ਪ੍ਰੋਫੈਸਰ ਮਨਿੰਦਰ ਸਿੰਘ, ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤੀ। (Web: http://www.mypanorama.ca.)

ਸ਼੍ਰੀਮਤੀ ਰਾਜਵਿੰਦਰ ਕੌਰ ਵੜਿੰਗ ਨੇ ਸਰਕਾਰੀ ਬ੍ਰਜਿੰਦਰਾ ਕਾਲਜ, ਫਰੀਦਕੋਟ (ਪੰਜਾਬ) ਤੋਂ ਗ੍ਰੈਜੂਏਸ਼ਨ ਕੀਤੀ, ਫਿਰ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੋਂ ਐਮ.ਏ (ਇਤਿਹਾਸ) ਅਤੇ ਐਮ.ਏ (ਅਰਥ ਸ਼ਾਸਤਰ) ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਦੀ ਮੁੱਖ ਰੁਚੀ ਪੰਜਾਬੀ ਵਿੱਚ ਛੋਟੀਆਂ ਕਹਾਣੀਆਂ ਲਿਖਣ ਵਿੱਚ ਹੈ।

ਸ੍ਰ. ਨਿਰਮਲਜੀਤ ਸਿੰਘ (ਅੰਮ੍ਰਿਤਸਰ ਨਿਵਾਸੀ) **M. A., B. Ed.**, ਹਨ। ਸਮਾਜਿਕ ਵਿਗਿਆਨ ਅਤੇ ਪੰਜਾਬੀ ਪੜ੍ਹਾ ਰਹੇ ਹਨ। ਦੋਹੇ, ਗ਼ਜ਼ਲਾਂ ਅਤੇ ਰੁਬਾਈਆਂ ਵੱਖ ਵੱਖ ਸਾਹਿਤਕ ਸਭਾਵਾਂ ਵਿੱਚ ਛਪਦੇ ਰਹਿੰਦੇ ਹਨ। ਭਾਸ਼ਾ ਵਿਭਾਗ 'ਪੰਜਾਬ' ਵੱਲੋਂ ਆਪਣੇ ਪੇਜ ਉੱਪਰ ਇਨ੍ਹਾਂ ਦੀਆਂ ਕੁੱਝ ਰਚਨਾਵਾਂ ਨੂੰ ਮਾਣ ਸਤਿਕਾਰ ਦਿੱਤਾ ਗਿਆ ਹੈ ।

ਡਾ. ਰਾਜਾ ਬਲਰਾਜ ਸਿੰਘ (ਕੈਲਗਰੀ, ਕੈਨੇਡਾ) ਨੇ 2020 ਵਿੱਚ ਮਹਾਂਮਾਰੀ ਦੌਰਾਨ ਇੱਕ ਔਨਲਾਈਨ ਪ੍ਰੋਗਰਾਮ (ਈ-ਦੀਵਾਨ) ਸ਼ੁਰੂ ਕੀਤਾ, ਤਾਂ ਜੋ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚ ਸੁਰੱਖਿਅਤ ਢੰਗ ਨਾਲ ਪਰਸਪਰ ਸੰਵਾਦ ਹੋ ਸਕੇ। ਇਹ ਪ੍ਰੋਗਰਾਮ ਸਿੱਖ ਧਰਮ ਦੇ ਪਵਿੱਤਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਵਿੱਚ ਦਰਜ ਵਿਸ਼ਵ-ਵਿਆਪੀ ਭਾਈਚਾਰੇ ਦੇ ਸੰਦੇਸ਼ ਬਾਰੇ ਜਾਗਰੂਕਤਾ ਪੈਦਾ ਕਰਨ ਦਾ ਯਤਨ ਹੈ। ਉਨ੍ਹਾਂ ਦੀ ਪੀ.ਐਚ.ਡੀ. ਮੈਨੀਟੋਬਾ ਯੂਨੀਵਰਸਿਟੀ (ਵਿਨੀਪੈਗ, ਕੈਨੇਡਾ) ਤੋਂ **Cardio-vascular Sciences** ਵਿੱਚ ਖੋਜ ਤੇ ਅਧਾਰਿਤ ਹੈ। ਬਲਰਾਜ ਅਲਬਰਟਾ ਯੂਨੀਵਰਸਿਟੀ ਦੇ ਨਾਲ "ਅਲਬਰਟਾ ਪ੍ਰੋਸਟੇਟ ਕੈਂਸਰ ਰਿਸਰਚ ਇਨੀਸ਼ੀਏਟਿਵ" ਦੇ ਡਾਇਰੈਕਟਰ ਹਨ।

ਸ੍. ਕਰਮਜੀਤ ਸਿੰਘ ਨੂਰ ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚ ਬਤੌਰ ਐਕਸੀਅਨ ਰਿਟਾਇਰ ਹੋਏ ਹਨ। ਅੱਠ ਕਾਵਿ ਸੰਗ੍ਰਹਿ ਛਪੇ ਹਨ।'ਗੁਰਮਤਿ ਪ੍ਰਕਾਸ਼', 'ਗੁਰਮਤਿ ਗਿਆਨ', 'ਸਿੱਖ ਫੁਲਵਾੜੀ', ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਜਿਸ ਦੇ ਸਾਹਿਤਕਾਰ ਸਦਨ ਦੇ ਮੀਤ ਪ੍ਰਧਾਨ, ਸਕੱਤਰ ਸਨ) ਦੇ 'ਸਾਡਾ ਵਿਰਸਾ ਸਾਡਾ ਗੌਰਵ' ਅਤੇ ਹੋਰ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਅਤੇ ਹੋਲੇ ਮਹੱਲੇ ਸਮਾਗਮਾਂ ਵਿਚ ਸਨਮਾਨ ਪ੍ਰਾਪਤ ਹੋਏ।ਦਿੱਲੀ ਵਿਖੇ ਸਪਤ ਸ੍ਰਿੰਗ ਅੰਤਰ-ਰਾਸ਼ਟਰੀ ਕਵੀ ਸਭਾ ਵਲੋਂ, ਜੀਵਨ ਭਰ ਦੀਆਂ ਪ੍ਰਾਪਤੀਆ ਲਈ ਸ੍. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਮਿਲਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਹਨ। (E-mail : ksnoor50@gmail.com.)

ਬੀਬੀ ਰੁਬੀਨਾ ਸਿੰਘ ਕੈਲਗਰੀ ਯੂਨੀਵਰਸਿਟੀ ਵਿੱਚ ਬੀ.ਐਸਸੀ. ਦੀ ਵਿਦਿਆਰਥਣ ਹੈ। ਉਹ ਨੌਜਵਾਨਾਂ ਵਿੱਚ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ (AHS) ਪ੍ਰੋਜੈਕਟ ਵਿਚ ਖੋਜਕਾਰ ਰਹੀ ਹੈ।"ਡਾਇਗਨੌਸਟਿਕਸ ਵਿੱਚ ਅਸਮਾਨਤਾਵਾਂ" ਦੀ ਵਾਈਸ ਪ੍ਰੈਜ਼ੀਡੈਂਟ ਹੈ ਤੇ ਔਰਤਾਂ ਦੀ ਸਿਹਤ ਦੀ ਜਾਂਚ ਵਿਚ ਕਮੀਆਂ ਦੇਖਦੀ ਹੈ। ਉਸਨੇ ਕੈਲਗਰੀ ਵਿੱਚ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ। ਉਸ ਨੇ ਪ੍ਰੋਜੈਕਟ (COVID SPEAKS) ਵਿਚ ਕੰਮ ਕੀਤਾ ਹੈ।

ਅਨੁਰੀਤ ਕੌਰ (ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨਿਵਾਸੀ) **M.A., B. Ed.**, ਹਨ। ਸਰਕਾਰੀ ਸਕੂਲ ਖਰੜ ਵਿਖੇ ਅੰਗਰੇਜ਼ੀ ਵਿਸ਼ੇ ਦੇ ਅਧਿਆਪਕ ਹੁੰਦਿਆਂ ਵੀ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਤ ਕਰਨ ਅਤੇ ਬੱਚਿਆਂ ਵਿੱਚ ਇਸ ਬੋਲੀ ਪ੍ਰਤੀ ਮਾਣ, ਸਨਮਾਨ ਦੀ ਭਾਵਨਾ ਪੈਦਾ ਕਰਨ ਲਈ ਯਤਨਸ਼ੀਲ ਹਨ। ਪੰਜਾਬੀ ਵਿਚ ਲਿਖਣ ਦਾ ਸ਼ੌਕ ਹੈ।

ਸਰਬਜੀਤ ਕੌਰ ਸਰਬ, ਪੰਥਕ ਕਵਿਤਰੀ ਹਨ ਅਤੇ ਉਤਰਾਖੰਡ ਦੇ ਵਸਨੀਕ ਹਨ। ਇਨ੍ਹਾਂ M.A. (Econoimcs) ਕੀਤੀ ਹੈ। ਬਚਪਨ ਤੋਂ ਖੁਲੀ ਕਵਿਤਾ ਲਿਖ ਰਹੇ ਹਨ। ਖੁਲੀ ਕਵਿਤਾਵਾਂ ਦਾ ਇਕ ਕਾਵਿ ਸੰਗ੍ਰਹਿ ਵੀ ਛਪ ਚੁੱਕਾ ਹੈ। ਕੁਝ ਸਾਲਾਂ ਤੋਂ ਪੰਥਕ ਕਵੀ ਸ੍. ਕਰਮਜੀਤ ਸਿੰਘ ਨੂਰ ਜੀ ਦੀ ਪ੍ਰੇਰਨਾ ਸਦਕਾ ਧਾਰਮਿਕ ਕਵਿਤਾਵਾਂ ਲਿਖ ਰਹੇ ਹਨ।

ਸ. ਤਜਿੰਦਰ ਸਿੰਘ ਰੰਧਾਵਾ, ਐਮ. ਐਸ. ਸੀ. (ਸਾਈਬਰ ਸੁਰੱਖਿਆ), ਐਮ. ਬੀ. ਏ., ਇਲੈਕਟ੍ਰਾਨਿਕ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿੱਚ ਬੈਚਲਰ ਆਫ਼ ਟੈਕਨਾਲੋਜੀ ਹਨ। ਇੱਕ ਬ੍ਰਿਟਿਸ਼ ਆਰਮੀ ਅਫਸਰ ਹਨ ਜਿਨ੍ਹਾਂ ਨੇ ਯੂ.ਕੇ., ਜਰਮਨੀ, ਕੈਨੇਡਾ (ਅਲਬਰਟਾ), ਦੁਬਈ, ਅਫਗਾਨਿਸਤਾਨ, ਅਮਰੀਕਾ (ਕੋਲੋਰਾਡੋ), ਕੀਨੀਆ, ਭਾਰਤ, ਫਰਾਂਸ, ਬੈਲਜੀਅਮ, ਇਜ਼ਰਾਈਲ ਅਤੇ ਫਾਕਲੈਂਡ ਵਿੱਚ ਕੰਮ ਕੀਤਾ ਹੈ। ਉਹ ਕਵੀ ਅਤੇ ਲੇਖਕ ਵੀ ਹਨ। ਗੁਰਬਾਣੀ, ਪੰਜਾਬੀ ਸਾਹਿਤ ਅਤੇ ਇਤਿਹਾਸ ਦੀਆਂ ਕਿਤਾਬਾਂ ਪੜ੍ਹਨ ਦਾ ਸ਼ੌਕ ਰਖਦੇ ਹਨ।

ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲੇਖ / ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ

2. ਸੰਪਾਦਕੀ ਬੋਰਡ : ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ, ਜ਼ਿਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ
3. ਲਿਖਤ (ਫੌਂਟ 12) : ਪੰਜਾਬੀ - ਅਨਮੋਲ ਲਿਪੀ ਵਿਚ, ਅੰਗਰੇਜ਼ੀ - ਟਾਈਮਜ਼ ਨਿਊ ਰੋਮਨ ਵਿਚ
4. ਵਰਡ 'ਚ ਹੀ ਹੋਵੇ : ਪ੍ਰਿੰਟ-ਸਕ੍ਰੀਨ, ਫੋਟੋਕਾਪੀ, ਸਨਿੱਪ-ਟੂਲ, ਪੀ ਡੀ ਐਫ ਨਾ ਹੋਵੇ ਜੀ
5. ਸਪੇਸ /ਹਾਸ਼ੀਏ : ਸਿੰਗਲ (1.0) ਲਾਈਨ ਸਪੇਸਿੰਗ। ਹਾਸ਼ੀਏ : ਚਾਰੇ ਪਾਸੇ ਇੱਕ ਇੰਚ
6. ਲੇਖਕ ਦਾ ਨਾਮ : ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ ਈ-ਮੇਲ, ਵੱਟਸਐਪ, ਸੰਖੇਪ ਜਾਣਕਾਰੀ
7. ਕੁਲ ਲੰਬਾਈ : ਲੈਪਟਾਪ ਦੇ ਦੋ ਪੰਨੇ ਜਾਂ 900 ਸ਼ਬਦ (ਫੋਟੋ ਲਈ ਸਪੇਸ ਸਮੇਤ)
8. ਲੰਬੇ ਲੇਖ : ਵੈੱਬਸਾਈਟ sanjihivrasat.org ਦੇ ਬਲੌਗ 'ਤੇ ਪਾ ਦਿੱਤੇ ਜਾਣਗੇ
9. ਮੌਲਿਕਤਾ : ਲੇਖਕ ਵਲੋਂ Copyright Infringement ਨਹੀਂ ਹੋਣੀ ਚਾਹੀਦੀ
10. ਹਵਾਲੇ : ਟਾਈਟਲ, ਮੂਲ ਲੇਖਕ ਅਤੇ ਜਰਨਲ / ਕਿਤਾਬ ਦਾ ਨਾਮ ਤੇ ਸਾਲ ਦਿਓ
11. ਗੁਰਬਾਣੀ ਲਈ : ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਿਆ ਜਾਵੇ।

Important Information for Authors

1. Magazine Policy : To Promote Punjabi Culture, History & Heritage using Secular, Non-Political, Non-Personal Articles/Poems, Subject to Review

2. Editorial Board : Will not be responsible for the views of Authors /Poets.
3. Font size 12 : Panjabi - Anmol Lipi (English -Times New Roman)
4. Spacing, margin : Line-to-line 1.0, Margins One Inch on all four sides
5. Format-WORD : PDF, Photocopy, Print-screen, Snip-tool not Accepted
6. Author's Name : With city (and country), brief (own) Introduction
7. Author's Options : Photo (Optional), Phone, e-mail, or WhatsApp
8. Maximum Length: Two pages (Including Photo) / 900 words on Laptop
9. Longer Articles : Placed on BLOG on Website *(sanjhivirasat.org)*.
10 Copy-right (CR) : Authors will certify there is No CR Infringement
11 References : Source (Author, Title, Journal/Book, Year, Pages.

ਸੰਪਾਦਕੀ ਮੰਡਲ



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਡਾ. ਰਾਜਬੀਰ ਸਿੰਘ ਭੱਟੀ



ਡਾ. ਸੁਰਜੀਤ ਸਿੰਘ ਭੱਟੀ

ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ